

# COLLEGE PROSPECTUS

SGHRS COLLEGE

Affiliated to Panjab University, Chandigarh

# Siri Guru Har Rai Sahib College for Women

(A Multi Faculty Women Institute)

NAAC Accredited Grade-B

Chabbewal, Hoshiarpur | Ph. 01882-270981



E-mail : sghrsc@gmail.com | Website : www.sghrsc.com

# ਸੰਦੇਸ਼

ਸ੍ਰੀ ਵਾਹਿਗੁਰੂ ਜੀ ਕਾ ਖ਼ਾਲਸਾ॥
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

*ਵਿਦਿਆ ਤਪੁ ਜੋਗੁ ਪ੍ਰਭ ਧਿਆਨ*



ਗਿਆਨ ਪ੍ਰਾਪਤੀ ਜੀਵਨ ਦੀਆਂ ਸਮਸਤ ਸ਼ਕਤੀਆਂ ਦੇ ਵਿਕਾਸ ਦੀ ਪ੍ਰਕ੍ਰਿਆ ਹੈ। ਵਿੱਦਿਆ ਦੁਆਰਾ ਸੰਚਿਤ ਗਿਆਨ ਹੀ ਇੱਕ ਪੀੜੀ ਤੋਂ ਦੂਜੀ ਪੀੜੀ ਤੱਕ ਸੰਚਾਰ ਕਰਦਾ ਹੈ। ਵਿੱਦਿਆ ਮਨੁੱਖੀ ਜੀਵਨ ਵਿੱਚ ਰੋਸ਼ਨੀ ਦੇਣ ਵਾਲੀ ਕਿਰਨ ਹੈ, ਇਹ ਅਗਿਆਨਤਾ ਰੂਪੀ ਹਨੇਰੇ ਨੂੰ ਦੂਰ ਕਰ ਦਿੰਦੀ ਹੈ। ਵਿੱਦਿਆ ਕੇਵਲ ਕਿਤਾਬੀ ਗਿਆਨ ਹੀ ਨਹੀਂ ਬਲਕਿ ਇੱਕ ਅਜਿਹਾ ਗਿਆਨ ਹੈ, ਜੋ ਸਹੀ ਮਾਇਨੇ ਵਿੱਚ ਇੱਕ ਮਨੁੱਖ ਨੂੰ ਪੂਰਨ ਮਾਨਵ ਬਣਾਕੇ ਉਸਨੂੰ ਉਸਦੇ ਮੁੱਲਾਂ ਦੀ ਪਹਿਚਾਣ ਕਰਵਾ ਸਕਦਾ ਹੈ। ਇੱਕ ਚੰਗੀ ਵਿੱਦਿਅਕ ਪ੍ਰਣਾਲੀ ਦੁਆਰਾ ਹੀ ਸਮਾਜ ਵਿੱਚ ਪਿਆਰ ਤੇ ਮਾਨਵਤਾ ਦਾ ਸੰਦੇਸ਼ ਫ਼ੈਲਾਇਆ ਜਾ ਸਕਦਾ ਹੈ। ਇਸ ਲਈ ਸਮਾਜ ਦੇ ਵਿਕਾਸ, ਉਸਦੀ ਬਿਹਤਰੀ ਤੇ ਉੱਤਮਤਾ ਲਈ ਵਿੱਦਿਆ ਬਹੁਤ ਜ਼ਰੂਰੀ ਹੈ।

ਇਸੇ ਮਕਸਦ ਤਹਿਤ ਪੇਂਡੂ ਖੇਤਰ ਵਿੱਚ ਲੜਕੀਆਂ ਲਈ ਉੱਚ ਵਿੱਦਿਆ ਦੀ ਲੋੜ ਅਤੇ ਮਨੋਰਥ ਨੂੰ ਮੁੱਖ ਰੱਖਦਿਆਂ ਹੋਇਆਂ ਸਮੂਹ ਇਲਾਕਾ ਨਿਵਾਸੀਆਂ ਅਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਹਰਿ ਰਾਇ ਸਾਹਿਬ ਕਾਲਜ ਫ਼ਾਰ ਵਿਮੈੱਨ, ਚੱਬੇਵਾਲ ਦੀ ਸਥਾਪਨਾ 2001-2002 ਵਿੱਚ ਕੀਤੀ ਗਈ। ਵਿਕਾਸ ਦੀਆਂ ਮੰਜ਼ਲਾਂ ਤੈਅ ਕਰਦਿਆਂ ਇਸ ਸਾਲ ਇਸ ਸੰਸਥਾ ਨੇ ਆਪਣੇ 20 ਸਾਲ ਪੂਰੇ ਕਰਕੇ 21ਵੇਂ ਸਾਲ ਵਿੱਚ ਪ੍ਰਵੇਸ਼ ਕਰ ਲਿਆ ਹੈ। ਜਿੱਥੇ ਇਸ ਕਾਲਜ ਦੀ ਸਫ਼ਲਤਾ ਪਿੱਛੇ ਉਸ ਅਕਾਲ ਪੁਰਖ ਦਾ ਬਹੁਤ ਵੱਡਾ ਆਸ਼ੀਰਵਾਦ ਹੈ, ਉੱਥੇ ਕਾਲਜ ਪ੍ਰਬੰਧਕੀ ਕਮੇਟੀ, ਪ੍ਰਿੰਸੀਪਲ, ਸਮੂਹ ਸਟਾਫ਼, ਇਲਾਕੇ ਅਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਦਾ ਵੀ ਭਰਪੂਰ ਯੋਗਦਾਨ ਅਤੇ ਸਹਿਯੋਗ ਰਿਹਾ ਹੈ। ਆਉਣ ਵਾਲੇ ਸਮਿਆਂ ਵਿੱਚ ਬੱਚੀਆਂ ਨੂੰ ਜੀਵਨ ਵਿੱਚ ਸਹੀ ਸੇਧ ਦੇਣ ਲਈ ਇਹ ਸੰਸਥਾ ਹਮੇਸ਼ਾ ਹੀ ਕਾਰਜਸ਼ੀਲ ਰਹੇਗੀ। ਇਸ ਸੰਸਥਾ ਵਿੱਚ ਦਾਖ਼ਲਾ ਲੈਕੇ ਆਉਣ ਵਾਲੀਆਂ ਸਾਰੀਆਂ ਵਿਦਿਆਰਥਣਾਂ ਨੂੰ ਮੈਂ ਤਹਿ ਦਿਲੋਂ ਜੀ ਆਇਆਂ ਆਖਦਾ ਹਾਂ ਤੇ ਉਸ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਇਹ ਬੱਚੀਆਂ ਜ਼ਿੰਦਗੀ ਦੇ ਹਰ ਖੇਤਰ ਵਿੱਚ ਉੱਚੀਆਂ ਬੁਲੰਦੀਆਂ ਨੂੰ ਛੋਹਣ ਤੇ ਸੰਸਥਾ ਦਾ ਨਾਮ ਰੋਸ਼ਨ ਕਰਨ।

ਅੰਤ ਵਿੱਚ ਮੈਂ ਇਲਾਕਾ ਅਤੇ ਦੇਸ਼-ਵਿਦੇਸ਼ ਦੀਆਂ ਸਮੂਹ ਸੰਗਤਾਂ ਦਾ ਆਪਣੇ ਵੱਲੋਂ ਤੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਕਾਲਜ ਪ੍ਰਬੰਧਕੀ ਕਮੇਟੀ ਵੱਲੋਂ ਹਾਰਦਿਕ ਧੰਨਵਾਦ ਕਰਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਸਤਿਗੁਰੂ ਜੀ ਸਮੂਹ ਸੰਗਤਾਂ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਜੀ।

**ਜੱਥੇਦਾਰ ਸੰਤ ਬਾਬਾ ਨਿਹਾਲ ਸਿੰਘ ਜੀ, ਹਰੀਆਂ ਬੇਲਾਂ**
ਪ੍ਰਧਾਨ ਅਤੇ ਸਰਪ੍ਰਸਤ

# ਇੱਕ ਸੁਨੇਹਾ



ਸੈਸ਼ਨ ਦੇ ਸ਼ੁਭ ਆਰੰਭ ਮੌਕੇ ਕਾਲਜ ਵਿੱਚ ਦਾਖਲਾ ਲੈਣ ਵਾਲੀਆਂ ਸਾਰੀਆਂ ਵਿਦਿਆਰਥਣਾਂ ਦਾ ਇਸ ਕਾਲਜ ਵਿੱਚ ਨਿੱਘਾ ਸਵਾਗਤ ਹੈ। ਉੱਚੇਰੀ ਵਿੱਦਿਆ ਪ੍ਰਾਪਤੀ ਲਈ ਜੋ ਵਿਦਿਆਰਥਣਾਂ ਇਸ ਕਾਲਜ ਵਿੱਚ ਦਾਖਲਾ ਲੈ ਰਹੀਆਂ ਹਨ, ਉਹ ਬਹੁਤ ਵਡਭਾਗੀਆਂ ਹਨ। ਕਿਹਾ ਜਾਂਦਾ ਹੈ ਕਿ ਵਿੱਦਿਆ ਮਨੁੱਖ ਦਾ 'ਤੀਜਾ ਨੇਤਰ' ਹੈ, ਜੋ ਉਸਦੀ ਜ਼ਿੰਦਗੀ ਦੀਆਂ ਸਮੱਸਿਆਵਾਂ ਵਿੱਚ ਪ੍ਰਕਾਸ਼ ਦਾ ਕੰਮ ਕਰਦਾ ਹੈ ਤੇ ਇਹ ਪ੍ਰਕਾਸ਼ ਮਨੁੱਖ ਦੀਆਂ ਅੰਦਰਲੀਆਂ ਕਲਾਵਾਂ ਨੂੰ ਪ੍ਰਕਾਸ਼ਵਾਨ ਕਰਕੇ ਮਨੁੱਖ ਨੂੰ ਗਿਆਨਵਾਨ ਬਣਾ ਦਿੰਦਾ ਹੈ। ਸੋ ਅਸੀਂ ਆਪਣੀ ਜ਼ਿੰਦਗੀ ਵਿੱਚ ਤਾਂ ਹੀ ਸਫ਼ਲਤਾ ਪ੍ਰਾਪਤ ਕਰ ਸਕਦੇ ਹਾਂ ਜੇਕਰ ਅਸੀਂ ਹਰ ਖੇਤਰ ਵਿੱਚ ਗਿਆਨ ਹਾਸਲ ਕਰਕੇ ਇੱਕ ਸੁੱਚਜੇ ਸਮਾਜ ਦੀ ਸਿਰਜਣਾ ਵੱਲ ਕਦਮ ਵਧਾਵਾਂਗੇ। ਇਸ ਲਈ ਸਮਾਜ ਨੂੰ ਅਗਿਆਨਤਾ ਦੇ ਕੋਹੜ ਤੋਂ ਬਚਾਉਣ ਲਈ ਵਿੱਦਿਆ ਰੂਪੀ ਬਿਰੱਖ ਦੀਆਂ ਜੜ੍ਹਾਂ ਨੂੰ ਹਰ ਜਗ੍ਹਾ ਫ਼ੈਲਾਉਣਾ ਜ਼ਰੂਰੀ ਹੈ।

ਸ੍ਰੀ ਗੁਰੂ ਹਰਿ ਰਾਇ ਸਾਹਿਬ ਕਾਲਜ ਬੱਚੀਆਂ ਨੂੰ ਜ਼ਿੰਦਗੀ ਦੇ ਹਰ ਖੇਤਰ ਵਿੱਚ ਸਮਰੱਥ ਬਨਾਉਣ ਲਈ ਤਤਪਰ ਰਿਹਾ ਹੈ। ਸਾਡਾ ਹਮੇਸ਼ਾ ਇਹੀ ਯਤਨ ਰਿਹਾ ਹੈ ਕਿ ਇਸ ਸੰਸਥਾ ਵਿੱਚ ਆਉਣ ਵਾਲੀਆਂ ਬੱਚੀਆਂ ਨਿਯਮਾਂ ਦਾ ਪਾਲਣ ਕਰਨ, ਅਧਿਆਪਕਾਂ ਦਾ ਸਤਿਕਾਰ ਕਰਨ, ਅਨੁਸ਼ਾਸਨ ਵਿੱਚ ਰਹਿਣ ਤੇ ਮਿਆਰੀ ਵਿੱਦਿਆ ਦੇ ਨਾਲ-ਨਾਲ ਸਰਵਪੱਖੀ ਵਿਕਾਸ ਲਈ ਖੇਡਾਂ, ਐਨ.ਐਸ.ਐਸ., ਯੁਵਕ ਭਲਾਈ ਸੇਵਾਵਾਂ ਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ।

ਕਾਲਜ ਵਿੱਚ ਬੀ.ਏ., ਬੀ.ਕਾਮ., ਬੀ.ਐਸ.ਸੀ. (ਮੈਡੀਕਲ / ਨਾਨ-ਮੈਡੀਕਲ), ਬੀ.ਐਸ.ਸੀ. (ਫੈਸ਼ਨ ਡਿਜ਼ਾਈਨਿੰਗ), ਬੀ.ਸੀ.ਏ., ਐਮ.ਕਾਮ., ਪੀ.ਜੀ.ਡੀ.ਸੀ.ਏ., ਪੀ.ਜੀ. ਡਿਪਲੋਮਾ ਇਨ ਫੈਸ਼ਨ ਡਿਜ਼ਾਈਨਿੰਗ, ਕਟਿੰਗ ਅਤੇ ਟੇਲਰਿੰਗ ਦੇ ਕੋਰਸ ਬੜੀ ਸਫ਼ਲਤਾ ਪੂਰਵਕ ਚਲਾਏ ਜਾ ਰਹੇ ਹਨ। ਕਾਲਜ ਦੀ ਤਿੰਨ ਮੰਜ਼ਲਾ ਇਮਾਰਤ, ਜਿਸ ਵਿੱਚ ਖੁੱਲੇ ਹਵਾਦਾਰ ਕਲਾਸ ਰੂਮ, ਕੰਪਿਊਟਰ, ਫ਼ਾਈਨ ਆਰਟਸ, ਹੋਮ ਸਾਇੰਸ, ਫੈਸ਼ਨ ਡਿਜ਼ਾਈਨਿੰਗ, ਮਿਊਜ਼ਿਕ, ਫਿਜ਼ਿਕਸ, ਕਮਿਸਟਰੀ ਲੈਬਜ਼, ਲਾਇਬਰੇਰੀ, ਖੇਡ ਦੇ ਮੈਦਾਨ, ਹੋਸਟਲ, ਸਟੇਡੀਅਮ, ਸਮਾਰਟ ਰੂਮ, ਪ੍ਰੋਜੈਕਟਰ ਰੂਮ ਆਦਿ ਸ਼ਾਮਲ ਹਨ।

ਕਾਲਜ ਵਿੱਚ ਖਿਡਾਰਨਾਂ, ਪੱਛੜੀਆਂ ਸ਼੍ਰੇਣੀਆਂ ਤੇ ਗਰੀਬ ਵਰਗ ਦੀਆਂ ਹੁਸ਼ਿਆਰ ਤੇ ਜ਼ਰੂਰਤਮੰਦ ਵਿਦਿਆਰਥਣਾਂ ਲਈ ਪੜ੍ਹਾਈ ਦਾ ਖ਼ਾਸ ਪ੍ਰਬੰਧ ਹੈ, ਉਨ੍ਹਾਂ ਨੂੰ ਫੀਸਾਂ ਵਿੱਚ ਰਿਆਇਤਾਂ ਦੇ ਨਾਲ-ਨਾਲ ਘੱਟ ਰੇਟ 'ਤੇ ਬੱਸ ਸਰਵਿਸ ਵੀ ਮੁਹੱਈਆ ਕਰਵਾਈ ਜਾਂਦੀ ਹੈ।

ਕਾਲਜ ਸਰਪ੍ਰਸਤ ਅਤੇ ਪ੍ਰਧਾਨ ਸਿੰਘ ਸਾਹਿਬ ਜੱਥੇਦਾਰ ਸੰਤ ਬਾਬਾ ਨਿਹਾਲ ਸਿੰਘ ਜੀ (ਹਰੀਆਂ ਬੇਲਾਂ) ਦੀਆਂ ਭਰਪੂਰ ਕੋਸ਼ਿਸ਼ਾਂ, ਪ੍ਰਬੰਧਕੀ ਕਮੇਟੀ ਤੇ ਸਮੂਹ ਸਟਾਫ਼ ਦੇ ਉੱਦਮ ਅਤੇ ਮਿਹਨਤ ਸਦਕਾ ਇਹ ਕਾਲਜ ਉੱਚੀਆਂ ਮੰਜ਼ਲਾਂ ਤੱਕ ਪਹੁੰਚਣ ਲਈ ਸਦਾ ਹੀ ਯਤਨਸ਼ੀਲ ਰਹੇਗਾ।

**ਡਾ. ਅਨੀਤਾ ਕੁਮਾਰੀ**

ਪ੍ਰਿੰਸੀਪਲ

# ਕਾਲਜ ਸਰਗਰਮੀਆਂ



ਸਰੀਰਕ ਸਿੱਖਿਆ ਅਤੇ ਖੇਡਾਂ 'ਚ ਅਜੋਕੇ ਰੁਝਾਨ ਵਿਸ਼ੇ 'ਤੇ ਕਰਵਾਏ ਗਏ ਸੈਮੀਨਾਰ ਦੌਰਾਨ ਸ਼੍ਰੀ ਪਿਆਰੇ ਲਾਲ ਸੈਣੀ ਜੀ ਦਾ ਸਨਮਾਨ ਕਰਦੇ ਹੋਏ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਅਤੇ ਹੋਰ।



ਕਾਲਜ ਵਿੱਖੇ ਕਰਵਾਈ ਗਈ ਨੈਕ ਟੀਮ ਦੀ ਫੇਰੀ ਦੌਰਾਨ ਨੈਕ ਕਮੇਟੀ ਦੇ ਮੈਂਬਰਜ਼, ਕਾਲਜ ਪ੍ਰਬੰਧਕੀ ਕਮੇਟੀ ਮੈਂਬਰਜ਼, ਪ੍ਰਿੰਸੀਪਲ ਅਤੇ ਸਮੂਹ ਸਟਾਫ਼।




ਕਾਲਜ ਵਿੱਖੇ ਕਰਵਾਏ ਗਏ ਸਲਾਨਾ ਇਨਾਮ ਵੰਡ ਸਮਾਗਮ ਦੌਰਾਨ ਬੱਚੀਆਂ ਨੂੰ ਇਨਾਮ ਵੰਡਦੇ ਹੋਏ ਸ. ਹਰਜਿੰਦਰ ਸਿੰਘ ਧਾਮੀ, ਕਾਲਜ ਪ੍ਰਿੰਸੀਪਲ ਅਤੇ ਕਾਲਜ ਕਮੇਟੀ ਮੈਂਬਰਜ਼।



ਕਾਲਜ ਵਿਖੇ ਕਰਵਾਏ ਗਏ ਕਵੀ ਸੰਮੇਲਨ ਦੌਰਾਨ, ਬੀਬੀ ਯਸ਼ਪਾਲ ਕੌਰ ਜੀ ਅਤੇ ਬੀਬੀ ਜੀਵਨ ਕੌਰ ਜੀ (ਕਨੇਡਾ) ਨੂੰ ਸਨਮਾਨਿਤ ਕਰਦੇ ਕਾਲਜ ਪ੍ਰਿੰਸੀਪਲ ਡਾ. ਅਨੀਤਾ ਕੁਮਾਰੀ ਅਤੇ ਸ. ਜਤਿੰਦਰ ਸਿੰਘ ਲਾਲੀ ਬਾਜਵਾ ਜੀ।



ਕਾਲਜ ਵਿੱਖੇ 'ਬੇਟੀ ਬਚਾਓ-ਬੇਟੀ ਪੜ੍ਹਾਓ' ਸਮਾਗਮ ਦੌਰਾਨ ਜਯੋਤੀ ਜਗਾਉਣ ਦੀ ਰਸਮ ਅਦਾ ਕਰਦੇ ਬੀਬੀ ਯਸ਼ਪਾਲ ਕੌਰ ਹਰੀਆਂ ਬੇਲਾਂ, ਪ੍ਰਿੰਸੀਪਲ ਡਾ. ਅਨੀਤਾ ਕੁਮਾਰੀ ਅਤੇ ਕਾਲਜ ਕਮੇਟੀ ਮੈਂਬਰਜ਼।




ਕਾਲਜ ਵਿੱਖੇ ਕਰਵਾਈ ਗਈ ਸਵੀਪ ਗਤੀਵਿਧੀਆਂ ਤਹਿਤ ਪੁਹੰਚੇ ਸ਼੍ਰੀ ਕੰਗ ਜੀ (ਇਲੈਕਟੋਰਲ ਰਜਿਸਟ੍ਰੇਸ਼ਨ ਅਫ਼ਸਰ, ਚੱਬੇਵਾਲ) ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕਰਦੇ ਕਾਲਜ ਪ੍ਰਿੰਸੀਪਲ ਡਾ. ਅਨੀਤਾ ਕੁਮਾਰੀ ਅਤੇ ਸ. ਜਤਿੰਦਰ ਸਿੰਘ (ਪ੍ਰਿੰਸੀਪਲ ਸਰਕਾਰੀ ਸਕੂਲ)।



ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਾਲਜ ਵਿੱਖੇ ਕਰਵਾਏ ਗਏ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਮੌਕੇ 'ਤੇ ਸ਼ਮਾਂ ਰੌਸ਼ਨ ਕਰਦੇ ਡਾ. ਜਤਿੰਦਰ ਸਿੰਘ ਬੱਲ (ਵਾਈਸ ਚਾਂਸਲਰ, ਬਾਬਾ ਭਾਗ ਸਿੰਘ ਯੂਨੀਵਰਸਿਟੀ), ਪ੍ਰੋ. ਹਰਬੰਸ ਸਿੰਘ ਬੋਲੀਨਾ, ਡਾ. ਇੰਦਰਜੀਤ ਸਿੰਘ ਵਾਸੂ ਅਤੇ ਹੋਰ।




ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਮੌਕੇ 'ਤੇ ਸੁਸ਼ੋਭਿਤ ਸ਼ਖ਼ਸੀਅਤਾਂ ਨੂੰ ਫੁੱਲਾਂ ਦਾ ਗੁਲਦੱਸਤਾ ਭੇਂਟ ਕਰਦੇ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਜੀ ਅਤੇ ਕਾਲਜ ਪ੍ਰਿੰਸੀਪਲ।

# ਸਵੈਯਾ

ਦੇਹ ਸਿਵਾ ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ,
ਨਿਸਚੈ ਕਰ ਆਪਨੀ ਜੀਤ ਕਰੋਂ॥
ਅਰੁ ਸਿਖ ਹੋ ਆਪਨੇ ਹੀ ਮਨ ਕੋ,
ਇਹ ਲਾਲਚ ਹਉ ਗੁਨ ਤਉ ਉਚਰੋ॥
ਜਬ ਆਵ ਕੀ ਅਉਧ ਨਿਦਾਨ ਬਨੈ,
ਅਤਿ ਹੀ ਰਨ ਮੈ ਤਬ ਜੂਝ ਮਰੋਂ ॥ ੨੩੧॥

(ਚੰਡੀ ਚਰਿਤ)

# ਅਪੀਲ

ਸੰਸਾਰ ਦੇ ਭਲੇ ਹਿੱਤ ਅਤੇ ਮਨੁੱਖਤਾ ਦੇ ਸਰਵ-ਵਿਆਪੀ ਵਿਕਾਸ ਵਾਸਤੇ ਹੀ ਗੁਰੂ ਸਾਹਿਬਾਨ ਸਮੇਂ- ਸਮੇਂ ਆਗਮਨ ਕਰਕੇ 'ਸਰਬੱਤ ਦੇ ਭਲੇ' ਦਾ ਉਪਦੇਸ਼ ਕਰਦੇ ਰਹੇ ਹਨ। ਉਨ੍ਹਾਂ ਨੇ ਮਨੁੱਖੀ ਜਾਮੇ ਨੂੰ ਸਹੀ ਅਰਥਾਂ ਵਿਚ ਸਮਝਣ ਵਾਸਤੇ ਇਸਤਰੀ-ਜਾਤੀ ਦੀ ਸ਼ਲਾਘਾ ਦੇ ਨਾਲ-ਨਾਲ ਇਸ ਵਰਗ ਦੀ ਉੱਨਤੀ ਵਾਸਤੇ ਵਿਸ਼ੇਸ਼ ਉਪਰਾਲੇ ਕੀਤੇ। ਉਨ੍ਹਾਂ ਨੇ ਅੰਮ੍ਰਿਤ ਰੂਪੀ ਪਵਿੱਤਰ ਬਾਣੀਆਂ ਰਾਹੀਂ ਸੰਸਾਰ ਨੂੰ ਜਾਗ੍ਰਿਤ ਕਰਨ ਦੇ ਨਾਲ-ਨਾਲ ਜੀਵਨ ਜੁਗਤੀ ਅਤੇ ਸੇਧ ਦੀ ਬਖ਼ਸ਼ਿਸ਼ ਵੀ ਕੀਤੀ। ਸੋ ਇਸੇ ਸਿਧਾਂਤ ਨੂੰ ਮੁੱਖ ਰੱਖਦੇ ਹੋਏ ਗੁਰੂ ਸਾਹਿਬਾਨ ਦੇ ਉਪਦੇਸ਼ ਤਹਿਤ ਅਤੇ ਵਿਸ਼ੇਸ਼ ਕਰਕੇ ਸਮਾਜ ਦੇ ਸਰਵਪੱਖੀ ਵਿਕਾਸ ਹਿੱਤ ਕੇਵਲ ਅਤੇ ਕੇਵਲ ਇਸਤਰੀ ਵਰਗ ਨੂੰ ਉਚੇਰੀ ਸਿੱਖਿਆ ਪ੍ਰਦਾਨ ਕਰਨਾ ਹੀ ਮੂਲ ਸਮਝਦੇ ਹੋਏ 'ਵਿੱਦਿਆ ਵਿਚਾਰੀ ਤਾਂ ਪਰਉਪਕਾਰੀ' ਦੇ ਵਾਕ ਨੂੰ ਲਾਗੂ ਕਰਦੇ ਹੋਏ ਧਾਰਮਿਕ ਸ਼ਖ਼ਸੀਅਤ, ਪੂਰਨ ਬ੍ਰਹਮ ਗਿਆਨੀ, ਸਰਵ ਹਿੱਤਕਾਰੀ, ਵਿੱਦਿਆ ਸ਼ਾਸਤਰੀ ਅਤੇ ਸਰਬ-ਸਾਂਝਾ ਉਪਦੇਸ਼ ਦੇ ਵਿਤਰਣ-ਕਰਤਾ ਸ੍ਰੀਮਾਨ ਸੰਤ ਬਾਬਾ ਨਿਹਾਲ ਸਿੰਘ ਜੀ, ਹਰੀਆਂ ਬੇਲਾਂ ਵਾਲਿਆਂ ਦੀ ਸਰਪ੍ਰਸਤੀ ਅਧੀਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਕਾਲਜ ਫ਼ਾਰ ਵਿਮੈੱਨ, ਚੱਬੇਵਾਲ (ਹੁਸ਼ਿਆਰਪੁਰ) ਸਥਾਪਿਤ ਕੀਤਾ ਗਿਆ।

ਕਾਲਜ ਦਾ ਪਹਿਲਾ ਸੈਸ਼ਨ ਜੁਲਾਈ, 2001 ਤੋਂ ਸ਼ੁਰੂ ਹੋਇਆ। ਮਨੁੱਖਤਾ ਦੇ ਕਲਿਆਣ ਅਤੇ ਵਿੱਦਿਆ ਦਾ ਮਿਆਰ ਉੱਚਾ ਕਰਨ ਦੀ ਖ਼ਾਤਿਰ, ਸ੍ਰੀ ਗੁਰੂ ਹਰਿ ਰਾਇ ਸਾਹਿਬ ਕਾਲਜੀਏਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਫ਼ਾਰ ਵਿਮੈੱਨ ਵਿੱਦਿਅਕ ਸੈਸ਼ਨ 2004-05 ਤੋਂ ਸ਼ੁਰੂ ਕੀਤਾ ਗਿਆ।

ਸੋ ਸਮੂਹ ਮਾਪੇ ਆਪਣੀਆਂ ਬੱਚੀਆਂ ਦੇ ਉੱਜਵਲ-ਭਵਿੱਖ, ਨਸ਼ਾ ਰਹਿਤ, ਧਾਰਮਿਕ ਰੁਚੀ ਅਤੇ ਨਰੋਏ ਸਮਾਜ ਦੇ ਸਰਵਪੱਖੀ ਵਿਕਾਸ ਦੀ ਸਿਰਜਨਾ ਹਿੱਤ ਉਚੇਰੀ ਵਿੱਦਿਆ ਦੇ ਇਸ ਮਹਾਨ ਰੌਸ਼ਨੀ ਸਤੰਭ ਤੋਂ ਚਾਨਣ ਦੀਆਂ ਕਿਰਨਾਂ ਪ੍ਰਾਪਤ ਕਰਕੇ ਮਹਾਂ ਪੁਰਖਾਂ ਦੀਆਂ ਅਸੀਸਾਂ ਪ੍ਰਾਪਤ ਕਰਨ।

**ਨਿਵੇਦਕ**
**ਸਮੂਹ ਕਾਲਜ ਪ੍ਰਬੰਧਕ ਕਮੇਟੀ**

# ਪ੍ਰਬੰਧਕ ਕਮੇਟੀ

ਕਾਲਜ ਦੀ ਪ੍ਰਬੰਧਕ ਕਮੇਟੀ ਦੇ ਸੂਝਵਾਨ, ਜ਼ਿੰਮੇਵਾਰ ਤੇ ਦੂਰ-ਅੰਦੇਸ਼ ਮੈਂਬਰਾਂ ਦਾ ਨਜ਼ਰੀਆ ਬਹੁਤ ਉਤਸ਼ਾਹਜਨਕ ਤੇ ਪ੍ਰਗਤੀਸ਼ੀਲ ਹੈ। ਸਮੂਹ ਕਮੇਟੀ ਬਦਲਦੀਆਂ ਸਮਾਜਿਕ ਕਦਰਾਂ-ਕੀਮਤਾਂ ਅਨੁਸਾਰ ਵਿੱਦਿਅਕ ਖੇਤਰ ਨੂੰ ਵਿਸਤ੍ਰਿਤ ਕਰਨ ਲਈ ਯਤਨਸ਼ੀਲ ਹੈ। ਬੱਚੀਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਤੇ ਇੱਕੀਵੇਂ ਵਿੱਦਿਅਕ ਸੈਸ਼ਨ ਨੂੰ ਸਫ਼ਲਤਾ ਪੂਰਵਕ ਚਲਾਉਣ ਲਈ ਕਾਲਜ ਦੀ ਇਮਾਰਤ ਪੂਰੀ ਤਰ੍ਹਾਂ ਬਣ ਕੇ ਤਿਆਰ ਹੈ। ਸੰਤ ਬਾਬਾ ਨਿਹਾਲ ਸਿੰਘ ਜੀ, ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਅਣਥੱਕ ਯਤਨਾਂ, ਇਲਾਕਾ ਨਿਵਾਸੀਆਂ ਤੇ ਐੱਨ.ਆਰ.ਆਈ. ਸੰਗਤਾਂ ਦੇ ਸਹਿਯੋਗ ਅਤੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਆਸ਼ੀਰਵਾਦ ਸਦਕਾ ਕਾਲਜ ਪ੍ਰਗਤੀ ਦੇ ਰਸਤੇ 'ਤੇ ਚਲਦਾ ਹੋਇਆ ਅਮਰ ਵੇਲ ਵਾਂਗ ਵਧ ਰਿਹਾ ਹੈ।

## ਸ੍ਰੀ ਗੁਰੂ ਹਰਿ ਰਾਇ ਸਾਹਿਬ ਕਾਲਜ ਫ਼ਾਰ ਵਿਮੈੱਨ, ਚੱਬੇਵਾਲ

### ਕਾਲਜ ਗਵਰਨਿੰਗ ਕੌਂਸਲ ਦੇ ਅਹੁਦੇਦਾਰ ਅਤੇ ਮੈਂਬਰ

## S.G.H.R.S. COLLEGE FOR WOMEN,

CHABBEWAL, (HOSHIARPUR).

**LIST OF MEMBERS OF GOVERNING BODY**

| Sr. No. | DESIGNATION | NAME & ADDRESS | PHONE NO. |
|---|---|---|---|
| 1. | President | Sant Baba Nihal Singh, Harian Belan | 01882-274227 |
| 2. | Acting President | S. Harjinder Singh Dhami, Advocate | 98152-34768 |
| 3. | Sr. Vice President | Bibi Balraj Kaur Dhoot | 98767-85562 |
| 4. | Sr. Vice President | S. Surjit Singh Gill, Canada | 97792-20356 |
| 5. | Vice President | S. Surinder Singh Bhulewal Rathan | 01884-257310 |
| 6. | Secretary/Cashier | S. Ashok Singh | 98721-48687 |
| 7. | Member | Bibi Yashpal Kaur, Canada | 98158-08178 |
| 8. | Member | S. Santokh Singh | 94174-78054 |
| 9. | Member | S. Gurmit Singh, Lehli Kalan | 92171-59954 |
| 10. | Member | S. Surinder Pal Singh, Chabbewal | 94171-34556 |
| 11. | Member | S. Major Bakhtawar Singh Bhulewal Rathan | 98556-96292 |
| 12. | Member | S. Mandeep Singh Basran, U.K. | |
| 13. | Member | Dr. Anita Kumari (Principal) | 01882-270981 |
| 14. | Member | Dr. Manjeet Kaur (Vice Principal) | 98154-33127 |

**ਮਾਨਤਾ**

ਸ੍ਰੀ ਗੁਰੂ ਹਰਿ ਰਾਇ ਸਾਹਿਬ ਕਾਲਜ ਫ਼ਾਰ ਵਿਮੈੱਨ, ਚੱਬੇਵਾਲ ਬੀ.ਏ., ਬੀ.ਸੀ.ਏ., ਬੀ.ਕਾਮ., ਬੀ.ਐੱਸ.ਸੀ. (ਮੈਡੀਕਲ / ਨਾਨ-ਮੈਡੀਕਲ) P.G.D.C.A., **M.Com., B.Sc. (Fashion Designing)** ਅਤੇ **PG Diploma in Fashion Designing** ਲਈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨਾਲ ਸਬੰਧਿਤ (Affiliated) ਹੈ।

# ਪ੍ਰਾਸਪੈਕਟਸ




## ਕਾਲਜ ਬਾਰੇ ਸੰਖੇਪ ਜਾਣਕਾਰੀ

ਕੰਢੀ ਦੇ ਇਸ ਖੇਤਰ ਵਿਚ ਲੜਕੀਆਂ ਨੂੰ ਉਚੇਰੀ ਵਿੱਦਿਆ ਪ੍ਰਦਾਨ ਕਰਵਾਏ ਜਾਣ ਲਈ ਸੰਸਥਾ ਖੋਲ੍ਹਣ ਦੀ ਤੀਬਰ ਲੋੜ ਨੂੰ ਸਨਮੁੱਖ ਰੱਖਦਿਆਂ ਹੋਇਆਂ ਇਲਾਕਾ ਨਿਵਾਸੀਆਂ ਦੁਆਰਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਐਜੂਕੇਸ਼ਨਲ ਸੁਸਾਇਟੀ ਦੀ ਸਥਾਪਨਾ ਕੀਤੀ ਗਈ। ਇਹ ਸੁਸਾਇਟੀ ਇਤਿਹਾਸਕ ਗੁਰਦੁਆਰਾ ਹਰੀਆਂ ਬੇਲਾਂ ਪਾਤਸ਼ਾਹੀ ਸੱਤਵੀਂ ਅਤੇ ਮਿਸਲ ਸ਼ਹੀਦਾਂ ਤਰਨਾਂ ਦਲ ਹਰੀਆਂ ਬੇਲਾਂ ਦੀ ਮਹਾਨ ਸ਼ਖ਼ਸੀਅਤ ਜੱਥੇਦਾਰ ਸੰਤਬਾਬਾ ਨਿਹਾਲ ਸਿੰਘ ਜੀ ਦੀ ਸੁਯੋਗ ਅਗਵਾਈ ਹੇਠ ਕਾਰਜਸ਼ੀਲ ਹੈ। ਇਸ ਸੁਸਾਇਟੀ ਦੇ ਯਤਨਾਂ, ਉਤਸ਼ਾਹ ਅਤੇ ਉੱਦਮ ਸਦਕਾ ਇਹ ਕਾਲਜ ਹੋਂਦ ਵਿਚ ਆਇਆ। ਇਸ ਖਿੱਤੇ ਦੀ ਧਰਤੀ ਨੂੰ ਕਿਉਂ ਜੋ ਸਿੱਖ ਧਰਮ ਦੇ ਸੱਤਵੇਂ ਗੁਰੂ ਸਾਹਿਬਾਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪਾਵਨ ਚਰਨਾਂ ਦੀ ਛੋਹ ਪ੍ਰਾਪਤ ਹੈ, ਇਸ ਲਈ ਸੁਸਾਇਟੀ ਨੇ ਕਾਲਜ ਦਾ ਨਾਮ ਸੱਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਨਾਂ 'ਤੇ ਰੱਖਣ ਦਾ ਫੈਸਲਾ ਕੀਤਾ। ਸ੍ਰੀ ਗੁਰੂ ਹਰਿ ਰਾਇ ਸਾਹਿਬ (1645-1661) ਆਪਣੇ ਧਰਮ ਪ੍ਰਚਾਰ ਦੌਰਿਆਂ ਦੌਰਾਨ ਇੱਥੇ ਪਧਾਰੇ ਸਨ। ਆਪ ਜੀ ਦੇ ਘੋੜਿਆਂ ਲਈ ਘਾਹ ਉਪਲੱਬਧ ਨਾ ਹੋ ਸਕਣ ਦੇ ਕਾਰਨ ਇਲਾਕੇ ਦੀਆਂ ਸੰਗਤਾਂ ਨੇ ਖ਼ਰਬੂਜਿਆਂ ਅਤੇ ਹਦਵਾਣਿਆਂ ਦੀਆਂ ਬੇਲਾਂ ਹੀ ਖਾਣ ਲਈ ਮੁਹੱਈਆ ਕਰਵਾਈਆਂ ਤਾਂ ਗੁਰੂ ਸਾਹਿਬ ਜੀ ਨੇ ਇਸ ਇਲਾਕੇ ਨੂੰ 'ਬੇਲਾਂ ਹਰੀਆਂ ਰਹਿਣ' (ਭਾਵ ਖੁਸ਼ਹਾਲ ਰਹਿਣ) ਦਾ ਵਰਦਾਨ ਦਿੱਤਾ ਸੀ। ਬੁਨਿਆਦੀ ਤੌਰ 'ਤੇ ਮਿਹਨਤੀ ਸੁਭਾਅ ਵਾਲੇ ਲੋਕਾਂ ਨੇ ਇੱਥੇ ਅਤੇ ਵਿਦੇਸ਼ ਜਾ ਕੇ ਮਿਹਨਤ ਕੀਤੀ ਤੇ ਪ੍ਰਤੀਫ਼ਲ ਵਜੋਂ ਇਹ ਇਲਾਕਾ ਖੁਸ਼ਹਾਲ ਬਣਿਆ। ਹੋਰ ਦੂਰੇਡੀਆਂ ਮੰਜ਼ਿਲਾਂ ਦੀ ਤਲਾਸ਼ ਕਰਨ ਅਤੇ ਸਮੇਂ ਦੀਆਂ ਲੋੜਾਂ ਮੁਤਾਬਕ ਬੁਲੰਦੀਆਂ ਸਰ ਕਰਨ ਦੀ ਅਕਾਂਖਿਆ ਵਿਚੋਂ ਇਸ ਕਾਲਜ ਦਾ ਜੁਲਾਈ, 2001 ਤੋਂ ਹੋਂਦ ਵਿਚ ਆਉਣਾ ਇਲਾਕੇ ਲਈ ਸ਼ੁਭ ਸ਼ਗਨ ਹੈ।

ਇਹ ਕਾਲਜ ਹੁਸ਼ਿਆਰਪੁਰ-ਚੰਡੀਗੜ੍ਹ ਮੁੱਖ-ਮਾਰਗ 'ਤੇ ਹੁਸ਼ਿਆਰਪੁਰ ਤੋਂ 13 ਕਿਲੋਮੀਟਰ ਦੂਰ ਸਥਿਤ ਹੈ। ਕਾਲਜ ਦਾ ਨੀਂਹ ਪੱਥਰ 25 ਅਪ੍ਰੈਲ, 1999 ਨੂੰ ਸ. ਪ੍ਰਕਾਸ਼ ਸਿੰਘ ਬਾਦਲ (ਸਾਬਕਾ ਮੁੱਖ ਮੰਤਰੀ, ਪੰਜਾਬ) ਅਤੇ ਬੀਬੀ ਜਗੀਰ ਕੌਰ ਜੀ (ਸਾਬਕਾ ਮੰਤਰੀ ਤੇ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਨੇ ਰੱਖਿਆ। ਇਲਾਕੇ ਦੀਆਂ ਬੱਚੀਆਂ ਦੀਆਂ ਵਿਭਿੰਨ-ਪੱਖੀ ਵਿੱਦਿਅਕ ਲੋੜਾਂ ਨੂੰ ਪੂਰਿਆਂ ਕਰਨਾ ਅਤੇ ਸਮਾਜ ਵਿਚ ਗਿਆਨ ਦੀ ਰੌਸ਼ਨੀ ਦਾ ਪਸਾਰ ਕਰਨਾ ਇਸ ਕਾਲਜ ਦੀ ਸਥਾਪਨਾ ਦਾ ਮੁੱਖ ਉਦੇਸ਼ ਹੈ।

ਕਾਲਜ ਦੀ ਇਮਾਰਤ ਅੱਜ ਸਲਾਹੁਣਯੋਗ ਇਮਾਰਤ ਦਾ ਰੂਪ ਧਾਰ ਚੁੱਕੀ ਹੈ। ਤਿੰਨ ਮੰਜ਼ਿਲਾਂ 'ਤੇ ਲਗਭਗ 31 ਹਵਾਦਾਰ ਖੁੱਲ੍ਹੇ ਕਮਰਿਆਂ ਤੋਂ ਇਲਾਵਾ ਵਿਸ਼ਾਲ 'ਗਿਆਨ ਸਾਗਰ' ਲਾਇਬਰੇਰੀ, ਲੜਕੀਆਂ ਲਈ ਕਾਮਨ ਰੂਮ, ਤਿੰਨ ਕੰਪਿਊਟਰ ਲੈਬਸ, ਹੋਮ ਸਾਇੰਸ ਲੈਬ, ਬੌਟਨੀ ਲੈਬ, ਜ਼ੁਓਲੌਜੀ ਲੈਬ, ਕਮਿਸਟਰੀ ਲੈਬ, ਫਿਜ਼ਿਕਸ ਲੈਬ, ਫ਼ਾਈਨ ਆਰਟਸ, ਕਾਮਰਸ ਲੈਬ, ਸਮਾਰਟ ਰੂਮ, ਮੈਡੀਟੇਸ਼ਨ ਰੂਮ, ਯੋਗਾ ਰੂਮ, ਬੱਚੀਆਂ ਲਈ ਕੰਟੀਨ, ਡਿਸਪੈਂਸਰੀ, ਸਟੇਡੀਅਮ, ਹਾਸਟਲ, ਸੈਮੀਨਾਰ ਹਾਲ ਅਤੇ ਪ੍ਰੋਜੈਕਟਰ ਰੂਮ ਕਾਲਜ ਦੀ ਇਮਾਰਤ ਦੀ ਸ਼ਾਨ ਵਿਚ ਹੋਰ ਵਾਧਾ ਕਰਦੇ ਹਨ। ਕਾਲਜ ਵਿਚ ਹੋਣਹਾਰ ਖਿਡਾਰਨਾਂ ਨੂੰ ਭਰਪੂਰ ਸਿਖਲਾਈ ਦੇਣ ਲਈ ਹਰ ਪ੍ਰਕਾਰ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਕਾਲਜ ਦੇ ਆਪਣੇ ਵਿਸ਼ਾਲ ਖੇਡ ਮੈਦਾਨ ਹਨ। ਪਹਿਲੇ ਹੀ ਵਿੱਦਿਅਕ ਸੈਸ਼ਨ (2001-2002) ਵਿਚ ਫੁੱਟਬਾਲ ਦੀ ਟੀਮ ਦੁਆਰਾ ਪੰਜਾਬ ਯੂਨੀਵਰਸਿਟੀ, ਇੰਟਰ ਕਾਲਜ ਵਿਚ ਗੋਲਡ ਮੈਡਲ ਪ੍ਰਾਪਤ ਕਰਨਾ ਕਾਲਜ ਦੀ ਇੱਕ ਵਿਸ਼ੇਸ਼ ਪ੍ਰਾਪਤੀ ਹੈ। 2002-2003 ਸੈਸ਼ਨ ਦੇ ਦੌਰਾਨ ਕਾਲਜ ਦੀ ਫੁੱਟਬਾਲ ਟੀਮ ਨੇ ਪੰਜਾਬ ਯੂਨੀਵਰਸਿਟੀ ਵਿਚ ਚੌਥਾ ਸਥਾਨ ਪ੍ਰਾਪਤ ਕੀਤਾ ਹੈ। ਇੱਥੇ ਇਹ ਵਰਨਣ ਯੋਗ ਹੈ ਕਿ ਫੁੱਟਬਾਲ ਟੀਮ ਦੀਆਂ ਦੋ ਖਿਡਾਰਨਾਂ ਪੰਜਾਬ ਯੂਨੀਵਰਸਿਟੀ ਫੁੱਟਬਾਲ ਟੀਮ ਦੀਆਂ ਖਿਡਾਰੂ ਮੈਂਬਰ ਸਨ ਤੇ ਮਿਸ ਸਤਵਿੰਦਰ ਕੌਰ ਇਸੇ ਟੀਮ ਦੀ ਕਪਤਾਨ ਸੀ ਅਤੇ ਇਹ ਖਿਡਾਰਨ ਸੀਨੀਅਰ ਨੈਸ਼ਨਲ ਵੀ ਖੇਡੀ ਸੀ। 2003-2004 ਸੈਸ਼ਨ ਦੇ ਦੌਰਾਨ ਕਾਲਜ ਦੀ ਫੁੱਟਬਾਲ ਟੀਮ ਨੇ ਪੰਜਾਬ ਯੂਨੀਵਰਸਿਟੀ ਵਿਚ ਦੂਜਾ ਸਥਾਨ ਪ੍ਰਾਪਤ ਕੀਤਾ ਸੀ ਅਤੇ ਇਸੇ ਟੀਮ ਦੀਆਂ ਤਿੰਨ ਵਿਦਿਆਰਥਣਾਂ ਸਤਵਿੰਦਰ ਕੌਰ, ਰਜਨੀ ਅਤੇ ਅਮਿਤਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਫੁੱਟਬਾਲ ਟੀਮ ਦੀਆਂ ਮੈਂਬਰ ਸਨ। 2004-05 ਸੈਸ਼ਨ ਵਿਚ ਮਿਸ ਰਮਨਦੀਪ, ਸ਼ਰਨਜੀਤ ਕੌਰ ਅਤੇ ਪਰਮਜੀਤ ਕੌਰ ਨੇ ਤਿੰਨ ਗੋਲਡ ਮੈਡਲ ਫ਼ੁੱਟਬਾਲ ਅਤੇ ਹੈਂਡਬਾਲ ਵਿਚ ਪ੍ਰਾਪਤ ਕੀਤੇ। ਪੰਜ ਖਿਡਾਰਨਾਂ ਨੇ ਪੰਜਾਬ ਟੀਮ ਵੱਲੋਂ ਇਮਫ਼ਾਲ ਵਿੱਖੇ ਸੀਨੀਅਰ ਵਿਮੈੱਨ ਫੁੱਟਬਾਲ ਚੈਂਪੀਅਨਸ਼ਿਪ ਵਿਚ ਹਿੱਸਾ ਲਿਆ। 2005-06 ਸੈਸ਼ਨ ਵਿਚ 2 ਖਿਡਾਰਨਾਂ ਸੀਨੀਅਰ ਵਿਮੈੱਨ ਫੁੱਟਬਾਲ ਚੈਪਿਅਨਸ਼ਿਪ ਲਈ ਅਤੇ ਤਿੰਨ ਖਿਡਾਰਨਾਂ ਇੰਟਰਵਰਸਿਟੀ ਲਈ ਚੁਣੀਆਂ ਗਈਆਂ। ਸੈਸ਼ਨ 2006-07 ਵਿਚ ਕਾਲਜ ਦੀ ਫੁੱਟਬਾਲ ਟੀਮ ਨੇ ਇੰਟਰ ਕਾਲਜ ਮੁਕਾਬਲੇ ਵਿਚ ਤੀਸਰਾ ਸਥਾਨ ਪ੍ਰਾਪਤ ਕੀਤਾ ਅਤੇ ਕਾਲਜ ਦੀਆਂ ਚਾਰ ਵਿਦਿਆਰਥਣਾਂ ਰਜਨੀ ਬਾਲਾ, ਤਰਨਜੀਤ ਕੌਰ, ਹਰਵਿੰਦਰ ਕੌਰ ਅਤੇ ਅਮਰਜੀਤ ਕੌਰ ਪੰਜਾਬ ਯੂਨੀਵਰਸਿਟੀ ਟੀਮ ਲਈ ਚੁਣੀਆਂ ਗਈਆਂ। ਸੈਸ਼ਨ 2007-08 ਵਿਚ ਕਾਲਜ ਦੀ ਫੁੱਟਬਾਲ ਟੀਮ ਨੇ ਪੰਜਾਬ ਯੂਨੀਵਰਸਿਟੀ ਅੰਤਰ ਕਾਲਜ ਮੁਕਾਬਲੇ ਵਿਚ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਕਾਲਜ ਦੀਆਂ ਚਾਰ ਵਿਦਿਆਰਥਣਾਂ ਰੰਜਨਾ ਦੇਵੀ, ਅਮਰਜੀਤ ਕੌਰ, ਹਰਵਿੰਦਰ ਕੌਰ ਤੇ ਮੋਨਿਕਾ ਨੂੰ ਪੰਜਾਬ ਯੂਨੀਵਰਸਿਟੀ ਟੀਮ ਦਾ ਮੈਂਬਰ ਬਣਨ ਦਾ ਮਾਣ ਪ੍ਰਾਪਤ ਹੋਇਆ। ਕਾਲਜ ਦੀ ਖਿਡਾਰਨ ਪ੍ਰਵੀਨ ਕੁਮਾਰੀ ਨੇ ਆਲ ਇੰਡੀਆ ਸੀਨੀਅਰ ਨੈਸ਼ਨਲ ਫੁੱਟਬਾਲ ਟੂਰਨਾਮੈਂਟ ਵਿਚ ਭਾਗ ਲਿਆ। ਜੂਡੋ ਵਿਚ ਮੋਨਿਕਾ ਨੇ ਪੰਜਾਬ ਯੂਨੀ. ਅੰਤਰ ਕਾਲਜ ਜੂਡੋ ਟੂਰਨਾਮੈਂਟ ਵਿਚ ਤੀਸਰਾ ਸਥਾਨ ਪ੍ਰਾਪਤ ਕੀਤਾ। ਕਾਲਜ ਦੀ ਬੈਡਮਿੰਟਨ ਟੀਮ ਨੇ ਪੰਜਾਬ ਯੂਨੀਵਰਸਿਟੀ ਅੰਤਰ ਕਾਲਜ ਬੈਡਮਿੰਟਨ ਟੂਰਨਾਮੈਂਟ ਵਿਚ ਦੂਜਾ ਸਥਾਨ ਪ੍ਰਾਪਤ ਕੀਤਾ।

ਸੈਸ਼ਨ 2008-2009 ਦੌਰਾਨ ਕਾਲਜ ਦੀ ਫੁੱਟਬਾਲ ਟੀਮ ਨੇ ਪੰਜਾਬ ਯੂਨੀਵਰਸਿਟੀ ਇੰਟਰ ਕਾਲਜ ਮੁਕਾਬਲਿਆਂ ਵਿਚੋਂ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਮੁਕਾਬਲਿਆਂ ਲਈ ਸਾਡੇ ਕਾਲਜ ਦੀਆਂ ਸੱਤ ਖਿਡਾਰਨਾਂ ਪੰਜਾਬ ਯੂਨੀਵਰਸਿਟੀ ਟੀਮ ਲਈ ਚੁਣੀਆਂ ਗਈਆਂ।

ਕਾਲਜ ਦੀਆਂ ਦੋ ਵਿਦਿਆਰਥਣਾਂ ਸੰਦੀਪ ਕੌਰ ਅਤੇ ਰਾਜਵਿੰਦਰ ਕੌਰ ਨੇ ਬੈਡਮਿੰਟਨ ਪੰਜਾਬ ਸਟੇਟ ਮੁਕਾਬਲੇ ਵਿਚ ਸੰਗਰੂਰ ਨਾਲ ਸੈਮੀ ਫ਼ਾਈਨਲ ਮੁਕਾਬਲਾ ਖੇਡਿਆ ਤੇ ਜਲੰਧਰ ਵਿੱਖੇ ਸੀਨੀਅਰ ਨੈਸ਼ਨਲ ਵਿਚ ਭਾਗ ਲੈ ਕੇ ਫ਼ਾਈਨਲ ਵਿਚ ਪ੍ਰਵੇਸ਼ ਕੀਤਾ।

ਸੈਸ਼ਨ 2010-11 ਦੌਰਾਨ ਕਾਲਜ ਦੀ ਫੁੱਟਬਾਲ ਟੀਮ ਨੇ ਅੰਤਰ ਕਾਲਜ ਫੁੱਟਬਾਲ ਮੁਕਾਬਲੇ ਵਿਚ ਵਧੀਆ ਪ੍ਰਦਰਸ਼ਨ ਕਰਦਿਆਂ ਹੋਇਆਂ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੁਕਾਬਲੇ ਵਿਚ ਸਾਡੇ ਕਾਲਜ ਦੀਆਂ ਤਿੰਨ ਵਿਦਿਆਰਥਣਾਂ ਹਰਵਿੰਦਰ ਕੌਰ, ਰਾਜਵੰਤ ਕੌਰ ਅਤੇ ਰੁਪਿੰਦਰ ਕੌਰ ਆਲ ਇੰਡੀਆ ਇੰਟਰ ਯੂਨੀਵਰਸਿਟੀ ਮੁਕਾਬਲਿਆਂ ਲਈ ਪੰਜਾਬ ਯੂਨੀਵਰਸਿਟੀ ਟੀਮ ਲਈ ਚੁਣੀਆਂ ਗਈਆਂ।

ਸੈਸ਼ਨ 2011—2012 ਦੌਰਾਨ ਕਾਲਜ ਦੀ ਫੁੱਟਬਾਲ ਟੀਮ ਨੇ ਅੰਤਰ ਕਾਲਜ ਫੁੱਟਬਾਲ ਮੁਕਾਬਲੇ ਵਿਚ ਵਧੀਆ ਪ੍ਰਦਰਸ਼ਨ ਕਰਦਿਆਂ ਹੋਇਆਂ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਕਾਲਜ ਦੀਆਂ ਤਿੰਨ ਵਿਦਿਆਰਥਣਾਂ ਸਰਬਜੀਤ ਕੌਰ, ਅਰਵਿੰਦਰ ਕੌਰ ਅਤੇ ਅਮਰਜੀਤ ਕੌਰ

ਆਲ ਇੰਡੀਆ ਇੰਟਰ ਯੂਨੀਵਰਸਿਟੀ ਮੁਕਾਬਲਿਆਂ ਲਈ ਪੰਜਾਬ ਯੂਨੀਵਰਸਿਟੀ ਟੀਮ ਲਈ ਚੁਣੀਆਂ ਗਈਆਂ।

ਇਸ ਕਾਲਜ ਦੀਆਂ ਵਿਦਿਆਰਥਣਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ, ਮਾਹਿਲਪੁਰ ਵਿਖੇ ਹੋਏ ਹਰਭਜਨ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਵਿਚ ਪਹਿਲੀ ਪੁਜੀਸ਼ਨ ਹਾਸਿਲ ਕੀਤੀ।

ਸੈਸ਼ਨ 2012-13 ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਖੇ ਇੰਟਰ ਕਾਲਜ ਫੁੱਟਬਾਲ ਮੁਕਾਬਲਿਆਂ ਵਿਚ ਕਾਲਜ ਦੀ ਟੀਮ ਨੇ ਤੀਜਾ ਸਥਾਨ ਹਾਸਿਲ ਕੀਤਾ ਅਤੇ 5 ਵਿਦਿਆਰਥਣਾਂ ਇੰਟਰ ਯੂਨੀਵਰਸਿਟੀ ਟੀਮ ਲਈ ਚੁਣੀਆਂ ਗਈਆਂ।

ਸੈਸ਼ਨ 2013-14 ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਹੋਏ ਇੰਟਰ ਕਾਲਜ ਫੁੱਟਬਾਲ ਮੁਕਾਬਲਿਆਂ ਵਿਚ ਕਾਲਜ ਦੀ ਬੀ.ਏ. ਭਾਗ ਪਹਿਲਾ ਦੀ ਇੱਕ ਵਿਦਿਆਰਥਣ ਨੂੰ ਇੰਟਰ ਯੂਨੀਵਰਸਿਟੀ ਟੀਮ ਲਈ ਚੁਣਿਆ ਗਿਆ ਅਤੇ ਬੀ.ਏ. ਭਾਗ ਤੀਜਾ ਦੀ ਵਿਦਿਆਰਥਣ ਮਿਸ ਨੀਤਾ ਨੇ ਪੰਜਾਬ ਯੂਨੀਵਰਸਟੀ, ਚੰਡੀਗੜ੍ਹ ਵਿਖੇ ਹੋਏ ਇੰਟਰ ਕਾਲਜ Boxing ਮੁਕਾਬਲਿਆਂ ਵਿਚ Bronze Medal ਹਾਸਿਲ ਕੀਤਾ।

ਸੈਸ਼ਨ 2014-15 ਵਿੱਚ ਪੰਜਾਬ ਯੂਨੀਵਰਸਿਟੀ ਇੰਟਰ ਕਾਲਜ ਫੁੱਟਬਾਲ ਟੂਰਨਾਮੈਂਟ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਜੀ. ਐਚ. ਜੀ. ਖਾਲਸਾ ਕਾਲਜ ਗੁਰੂਸਰ ਸੁਧਾਰ ਲੁਧਿਆਣਾ ਵਿੱਖੇ ਕਰਵਾਇਆ ਗਿਆ, ਜਿਸ ਵਿੱਚ ਸ੍ਰੀ ਗੁਰੂ ਹਰਿ ਰਾਇ ਸਾਹਿਬ ਕਾਲਜ ਫ਼ਾਰ ਵਿਮੈੱਨ ਚੱਬੇਵਾਲ ਦੀ ਟੀਮ ਨੇ ਦੂਜਾ ਸਥਾਨ ਹਾਸਿਲ ਕੀਤਾ। ਇਸ ਦੌਰਾਨ ਸਾਡੀਆਂ 5 ਵਿਦਿਆਰਥਣਾਂ ਇੰਟਰ ਯੂਨੀਵਰਸਿਟੀ ਲਈ ਚੁਣੀਆਂ ਗਈਆਂ, ਜਿਹਨਾਂ ਵਿੱਚੋਂ ਦੋ ਵਿਦਿਆਰਥਣਾਂ ਨੂੰ ਪੰਜਾਬ ਯੂਨੀਵਰਸਿਟੀ ਦੀ ਫ਼ੁੱਟਬਾਲ ਟੀਮ ਲਈ ਚੁਣਿਆ ਗਿਆ। ਪੰਜਾਬ ਯੂਨੀਵਰਸਿਟੀ ਦੀ ਫ਼ੁੱਟਬਾਲ ਟੀਮ ਵਿੱਚ ਖੇਡਦੇ ਹੋਏ ਸਾਡੇ ਕਾਲਜ ਦੀਆਂ 2 ਵਿਦਿਆਰਥਣਾਂ ਆਲ ਇੰਡੀਆ ਇੰਟਰ ਯੂਨੀਵਰਸਿਟੀ ਦੀ ਟੀਮ ਵਜੋਂ ਸਿਲੈਕਟ ਹੋਈਆਂ। ਇਸ ਤੋਂ ਇਲਾਵਾਂ ਕਾਲਜ ਵਿਦਿਆਰਥਣਾਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਇੰਟਰ ਕਾਲਜ ਬਾਕਸਿੰਗ, ਰੈਸਲਿੰਗ ਅਤੇ ਐਥਲੈਟਿਕ ਮੁਕਾਬਲਿਆਂ ਵਿੱਚ ਭਾਗ ਲਿਆ।

ਸੈਸ਼ਨ 2015-16 ਵਿਚ ਸਾਡੇ ਕਾਲਜ ਦੀਆਂ ਵਿਦਿਆਰਥਣਾਂ ਨੇ ਚੰਡੀਗੜ੍ਹ ਵਿੱਖੇ ਹੋਏ Boxing ਦੇ Inter College ਮੁਕਾਬਲੇ ਵਿਚ ਬੀ.ਏ. ਭਾਗ ਤੀਜਾ ਦੀ ਵਿਦਿਆਰਥਣ ਅਨੀਤਾ ਰਾਣੀ ਨੇ ਤੀਜਾ ਸਥਾਨ ਹਾਸਿਲ ਕੀਤਾ। ਇਸਦੇ ਨਾਲ ਹੀ 14 ਤੋਂ 15 ਨਵੰਬਰ 2015 ਨੂੰ ਹੁਸ਼ਿਆਰਪੁਰ ਵਿੱਖੇ ਹੋਏ 5th District Taekwondo Competition ਵਿਚ ਸਾਡੇ ਕਾਲਜ ਦੀਆਂ ਵਿਦਿਆਰਥਣਾਂ ਨੇ ਕੁੱਲ 17 ਮੈਡਲ ਹਾਸਿਲ, ਕੀਤੇ, ਜਿਸ ਵਿਚ 5 ਸੋਨੇ ਦੇ, 8 ਚਾਂਦੀ ਦੇ ਅਤੇ 4 ਕਾਂਸੇ ਦੇ ਸਨ ਅਤੇ Panjab University Inter College Wrestling Tournament ਵਿਚ ਕਾਲਜ ਦੀਆਂ ਵਿਦਿਆਰਥਣਾਂ ਪ੍ਰਿਅੰਕਾ (ਬੀ.ਏ. ਭਾਗ ਪਹਿਲਾ), ਪ੍ਰਭਜੀਤ ਕੌਰ (ਬੀ.ਏ. ਭਾਗ ਪਹਿਲਾ) ਨੇ ਬਰੋਂਜ਼ ਮੈਡਲ ਤੇ ਬੀ.ਏ. ਭਾਗ ਤੀਜਾ ਦੀ ਵਿਦਿਆਰਥਣ ਰਾਜ ਰਾਣੀ ਅਤੇ ਅਨੀਤਾ ਨੇ 5th Position ਹਾਸਿਲ ਕੀਤੀ। ਪੰਜਾਬ ਯੂਨੀਵਰਸਿਟੀ ਅੰਤਰ ਕਾਲਜ ਫੁੱਟਬਾਲ ਮੁਕਾਬਲਿਆਂ ਵਿਚ ਕਾਲਜ ਦਾ ਤੀਜਾ ਸਥਾਨ ਰਿਹਾ ਅਤੇ ਕਾਲਜ ਦੀਆਂ ਤਿੰਨ ਵਿਦਿਆਰਥਣਾਂ ਮੀਨੂੰ ਕੁਮਾਰੀ, ਜਤਿੰਦਰ ਅਤੇ ਸਿਲਕੀ ਦੀ All India Inter University Football Competition ਲਈ ਸਲੈਕਸ਼ਨ ਹੋਈ। ਵਿਦਿਆਰਥਣ ਮੀਨੂੰ ਕੁਮਾਰੀ ਕਾਨਪੁਰ ਯੂਨੀਵਰਸਿਟੀ ਵਿਚ ਹੋਏ ਆਲ ਇੰਡੀਆ ਇੰਟਰ ਯੂਨੀਵਰਸਿਟੀ ਫੁੱਟਬਾਲ ਕੰਪੀਟੀਸ਼ਨ ਵਿਚ ਖੇਡ ਚੁੱਕੀ ਹੈ।

ਮਿਤੀ 22 ਤੋਂ 25 ਨਵੰਬਰ 2016 ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਕਰਵਾਏ ਗਏ ਅੰਤਰੀ ਕਾਲਜ ਐਥਲੈਟਿਕਸ ਮੁਕਾਬਲਿਆਂ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ ਤੇ ਵਧੀਆ ਪ੍ਰਦਰਸ਼ਨ ਕੀਤਾ।

ਮਿਤੀ 10 ਫਰਵਰੀ 2016 ਨੂੰ ਕਾਲਜ ਵਿੱਖੇ ਐਥਲੈਟਿਕ ਮੀਟ ਕਰਵਾਈ ਗਈ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਸ੍ਰੀਮਤੀ ਧੰਨਪ੍ਰੀਤ ਕੌਰ (ਐਸ.ਐਸ.ਪੀ., ਹੁਸ਼ਿਆਰਪੁਰ) ਸ਼ਾਮਿਲ ਹੋਏ। ਇਸ ਤੋਂ ਇਲਾਵਾ ਸ੍ਰੀ ਏ.ਐਸ. ਮਿੱਤਲ (ਵਾਇਸ ਚੇਅਰਮੈਨ, ਸੋਨਾਲੀਕਾ ਗਰੁੱਪ ਆਫ਼ ਕੰਪਨੀਜ਼) ਅਤੇ ਸੰਤ ਬਾਬਾ ਨਿਹਾਲ ਸਿੰਘ ਜੀ, ਬੀਬੀ ਯਸ਼ਪਾਲ ਕੌਰ ਜੀ ਕਨੇਡਾ ਅਤੇ ਸਮੂਹ ਕਮੇਟੀ ਮੈਂਬਰਜ਼ ਸ਼ਾਮਿਲ ਹੋਏ। ਇਸ ਮੌਕੇ ਵਿੱਦਿਅਕ ਅਤੇ ਐਥਲੈਟਿਕ ਮੀਟ ਦਾ ਇਨਾਮ ਵੰਡ ਸਮਾਰੋਹ ਕੀਤਾ ਗਿਆ। ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਰਹਿਣ ਵਾਲੀਆਂ ਵਿਦਿਆਰਥਣਾਂ ਨੂੰ ਇਨਾਮ ਦਿੱਤੇ ਗਏ।

ਮਿਤੀ 8 ਤੋਂ 12 ਜਨਵਰੀ 2017 ਨੂੰ ਜੀ. ਐਚ. ਜੀ. ਖਾਲਸਾ ਕਾਲਜ ਗੁਰੂਸਰ ਸੁਧਾਰ ਵਿੱਖੇ ਕਰਵਾਏ ਗਏ ਪੰਜਾਬ ਯੂਨੀਵਰਸਿਟੀ ਅੰਤਰ ਕਾਲਜ ਫੁੱਟਬਾਲ ਟੂਰਨਾਮੈਂਟ (Women) ਵਿੱਚ ਕਾਲਜ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ। ਇਸ ਮੁਕਾਬਲੇ ਵਿੱਚ ਕਾਲਜ ਦਾ ਤੀਜਾ ਸਥਾਨ ਰਿਹਾ ਤੇ ਵਿਦਿਆਰਥਣ ਡਿੰਪਲ ਰਾਣੀ (B.A. Ist Sem.) ਜਸਪ੍ਰੀਤ ਕੌਰ (B.A. IIIrd Sem.) ਦੀ All India Inter University Football Competition ਲਈ ਸਿਲੈਕਸ਼ਨ ਹੋਈ।

ਮਿਤੀ 9 ਫਰਵਰੀ 2017 ਨੂੰ ਕਾਲਜ ਵਿੱਖੇ ਐਥਲੈਟਿਕ ਮੀਟ ਕਰਵਾਈ ਗਈ, ਇਸ ਮੌਕੇ ਮੁੱਖ ਮਹਿਮਾਨ ਵਜੋਂ ਸ੍ਰੀਮਤੀ ਸਰੋਜ ਬਾਲਾ (ਇੰਟਰਨੈਸ਼ਨਲ ਹਾਕੀ ਖਿਡਾਰਣ) ਸ਼੍ਰੀਮਤੀ ਮਾਧੁਰੀ ਬੈਂਸ (ਅਰਜੁਨ ਅਵਾਰਡੀ) ਸ਼ਾਮਿਲ ਹੋਏ। ਐਥਲੈਟਿਕ ਮੀਟ ਦਾ ਇਨਾਮ ਵੰਡ ਸਮਾਰੋਹ ਕੀਤਾ ਗਿਆ ਜਿਸ ਵਿੱਚ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹਿਣ ਵਾਲੀਆਂ ਵਿਦਿਆਰਥਣਾਂ ਨੂੰ ਇਨਾਮ ਦਿੱਤੇ ਗਏ।

ਸੈਸ਼ਨ 2017-18 ਦੌਰਾਣ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਅੰਤਰ ਕਾਲਜ ਟੂਰਨਾਮੈਂਟ ਜੋ ਕਿ ਜੀ. ਐਚ. ਜੀ. ਖਾਲਸਾ ਕਾਲਜ ਗੁਰੂਸਰ ਸੁਧਾਰ ਵਿਖੇ ਆਯੋਜਿਤ ਹੋਇਆ। ਇਸ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ। ਖਿਡਾਰਣ ਜਸਪ੍ਰੀਤ ਕੌਰ (B.A. Vth Sem.) ਆਲ ਇੰਡੀਆ ਅੰਤਰ ਯੂਨੀਵਰਸਿਟੀ ਖੇਡਾਂ ਲਈ ਚੁਣੀ ਗਈ।

ਮਿਤੀ 21 ਤੋਂ 23 ਅਕਤੂਬਰ 2017 ਨੂੰ P.U. Campus ਵਿੱਖੇ ਹੋਏ P.U. Inter College Wrestling ਮੁਕਾਬਲੇ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਪ੍ਰਿਅੰਕਾ ਸ਼ਰਮਾ (B.A. Vth Sem.) ਤੇ ਅਮਨਦੀਪ (B.A. Ist Sem.) ਦਾ ਵਧੀਆ ਪ੍ਰਦਰਸ਼ਨ ਰਿਹਾ।

ਮਿਤੀ 2 ਨਵੰਬਰ ਤੋਂ 4 ਨਵੰਬਰ 2017 ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਖੇ ਕਰਵਾਏ ਗਏ ਪੰਜਾਬ ਯੂਨੀਵਰਸਿਟੀ ਅੰਤਰ ਕਾਲਜ, ਐਥਲੈਟਿਕ ਮੁਕਾਬਲੇ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਪ੍ਰਿਅੰਕਾ ਸ਼ਰਮਾ, ਜਸਪ੍ਰੀਤ ਕੌਰ, ਡਿੰਪਲ ਰਾਣੀ, ਪ੍ਰਭਜੀਤ ਕੌਰ ਅਤੇ ਮੀਨੂੰ ਦਾ ਪ੍ਰਦਰਸ਼ਨ ਵਧੀਆ ਰਿਹਾ।

ਮਿਤੀ 16 ਫਰਵਰੀ 2018 ਨੂੰ ਕਾਲਜ ਵਿੱਖੇ ਐਥਲੈਟਿਕ ਮੀਟ ਕਰਵਾਈ ਗਈ। ਇਸ ਦੌਰਾਨ ਮਹਾਦਾਨੀ ਸ੍ਰੀ ਪਿਆਰੇ ਲਾਲ ਸੈਣੀ ਜੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਦੂਜੇ ਸ਼ੈਸਨ ਦੇ ਮੁੱਖ ਮਹਿਮਾਨ ਬੀਬੀ ਯਸ਼ਪਾਲ ਕੌਰ ਜੀ ਕਨੇਡਾ ਸਨ। ਇਸ ਮੌਕੇ ਸ. ਹਰਜਿੰਦਰ ਸਿੰਘ ਜੀ ਧਾਮੀ, ਸਮੂਹ ਕਮੇਟੀ ਮੈਂਬਰਜ਼ ਤੇ ਹੋਰ ਉੱਚੀਆਂ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਕਾਲਜ ਦੀ ਵਧੀਆ ਖਿਡਾਰਣ ਅਤੇ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਚੁਣੀਆਂ ਜਾਣ ਵਾਲੀਆਂ ਵਿਦਿਆਰਥਣਾਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

ਮਿਤੀ 27 ਅਗਸਤ ਤੋਂ 29 ਅਗਸਤ 2019 ਨੂੰ ਜਿਲ੍ਹਾ ਪੱਧਰੀ ਖੇਡ ਫੁੱਟਬਾਲ ਟੂਰਨਾਮੈਂਟ ਸਰਕਾਰੀ ਸੀਨੀ. ਸੈਕੰ. ਸਕੂਲ ਮਾਹਿਲਪੁਰ ਵਿੱਖੇ ਹੋਇਆ ਤੇ ਚੱਬੇਵਾਲ ਕਾਲਜ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਮਿਤੀ 11 ਅਕਤੂਬਰ ਤੋਂ 14 ਅਕਤੂਬਰ 2019 ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਇੰਟਰ ਕਾਲਜ ਫੁੱਟਬਾਲ ਮੈਚ ਵਿੱਚ ਕਾਲਜ ਦੀ ਵਿਦਿਆਰਥਣ ਦੇਵੀ (B.A. 6th Sem.) ਨੂੰ ਇੰਟਰਵਰਸਿਟੀ ਫੁੱਟਬਾਲ ਮੈਚ ਮੁਕਾਬਲੇ ਲਈ ਚੁਣਿਆ ਗਿਆ ਤੇ ਪੰਜਾਬ ਯੂਨਿਵਰਸਿਟੀ ਚੰਡੀਗੜ੍ਹ ਦੀ ਟੀਮ ਵੱਲੋਂ North Zone ਵਿੱਚ ਖੇਡਕੇ ਟੀਮ ਨੇ ਤੀਜਾ ਸਥਾਨ ਹਾਸਿਲ ਕੀਤਾ। ਇਸ ਤਹਿਤ 'ਦੇਵੀ' 'ਖੇਲੋ ਇੰਡੀਆ ਖੇਲੋ' ਜੋ ਕਿ 22 ਫਰਵਰੀ ਤੋਂ 1 ਮਾਰਚ ਤੱਕ ਉੜੀਸਾ ਵਿਖੇ ਹੋਇਆ ਜਿਸ ਵਿੱਚ ਪੇਲਵਿੰਗ ਮੈਂਟ ਖੇਡੀ।

ਮਿਤੀ 21 ਨਵੰਬਰ ਤੋਂ 23 ਨਵੰਬਰ 2019 ਨੂੰ ਸਰਦਾਰ ਬਹਾਦਰ ਅਮੀਂ ਚੰਦ ਫੁੱਟਬਾਲ ਟੂਰਨਾਮੈਂਟ ਸਰਕਾਰੀ ਸੀਨੀ. ਸੈਕੰ. ਸਕੂਲ ਬਜਵਾੜਾ ਵਿਖੇ ਕਰਵਾਇਆ ਗਿਆ। ਜਿਸ ਵਿੱਚ ਚੱਬੇਵਾਲ ਕਾਲਜ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ 7100 ਰੁਪਏ ਨਕਦ ਇਨਾਮ, ਮੈਡਲ ਅਤੇ ਟਰਾਫੀ ਹਾਸਿਲ ਕੀਤੀ।

ਮਿਤੀ 25 ਨਵੰਬਰ ਤੋਂ 26 ਨਵੰਬਰ 2019 ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਡੀ.ਏ.ਵੀ. ਕਾਲਜ ਹੁਸ਼ਿਆਰਪੁਰ ਵਿੱਖੇ ਕਰਵਾਏ ਗਏ ਬਾਕਸਿੰਗ ਮੁਕਾਬਲੇ ਵਿੱਚ ਹਰਪ੍ਰੀਤ ਕੌਰ ਨੇ 69 Kg ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ।

ਮਿਤੀ 28 ਫਰਵਰੀ 2020 ਨੂੰ ਕਾਲਜ ਵਿੱਖੇ ਐਥਲੈਟਿਕ ਮੀਟ ਕਰਵਾਈ ਗਈ, ਜਿਸ ਵਿੱਚ ਬੀਬੀ ਯਸ਼ਪਾਲ ਕੌਰ ਜੀ, ਹਰੀਆਂ ਬੇਲਾਂ ਮੁੱਖ ਮਹਿਮਾਨ ਅਤੇ ਮਨਪ੍ਰੀਤ ਸਿੰਘ ਸਿੰਘਾ ਪੰਜਾਬੀ ਗਾਇਕ ਬਤੌਰ ਵਿਸ਼ੇਸ਼ ਮਹਿਮਾਨ ਹਾਜ਼ਰ ਹੋਏ।

**ਕਾਲਜ ਖੇਡਾਂ ਦੇ ਨਾਲ-ਨਾਲ ਵਿੱਦਿਅਕ ਤੇ ਹੋਰ ਗਤੀਵਿਧੀਆਂ ਵਿਚ ਵੀ ਗਿਣਨ ਯੋਗ ਪ੍ਰਾਪਤੀਆਂ ਕਰ ਰਿਹਾ ਹੈ। ਵਿਦਿਆਰਥਣਾਂ ਦਾ ਸਰਵਪੱਖੀ ਵਿਕਾਸ ਕਰਨ ਲਈ ਵਿਭਿੰਨ ਸੱਭਿਆਚਾਰਕ ਗਤੀਵਿਧੀਆਂ ਦਾ ਪ੍ਰਬੰਧ ਕਰਕੇ ਉਹਨਾਂ ਅੰਦਰ ਛੁਪੀ ਯੋਗਤਾ ਨੂੰ ਉਭਾਰਿਆ ਜਾਂਦਾ ਹੈ।**

23 ਅਕਤੂਬਰ, 07 ਤੋਂ 27 ਅਕਤੂਬਰ, 07 ਦੌਰਾਨ ਬੱਬਰ ਅਕਾਲੀ ਖ਼ਾਲਸਾ ਕਾਲਜ, ਗੜ੍ਹਸ਼ੰਕਰ ਵਿਖੇ ਜ਼ੋਨਲ ਯੁਵਕ ਅਤੇ ਵਿਰਾਸਤ ਮੇਲੇ ਵਿਚ ਵਿਦਿਆਰਥਣਾਂ ਨੇ 10 ਪਹਿਲੇ, 13 ਦੂਜੇ ਅਤੇ 9 ਤੀਜੇ ਇਨਾਮ ਪ੍ਰਾਪਤ ਕੀਤੇ।

21 ਅਕਤੂਬਰ ਤੋਂ 24 ਅਕਤੂਬਰ, 2008 ਦੌਰਾਨ ਐਮ.ਬੀ.ਜੀ.ਜੀ. ਗਰਲਜ਼ ਕਾਲਜ ਰੱਤੇਵਾਲ ਵਿਖੇ ਪੰਜਾਬ ਯੂਨੀਵਰਸਿਟੀ ਜ਼ੋਨਲ ਯੁਵਕ ਅਤੇ ਵਿਰਾਸਤ ਮੇਲੇ ਵਿਚ ਵਿਦਿਆਰਥਣਾਂ ਨੇ 14 ਪਹਿਲੇ, 11 ਦੂਜੇ ਤੇ 6 ਤੀਜੇ ਇਨਾਮ ਪ੍ਰਾਪਤ ਕਰਕੇ ਕਾਲਜ ਦਾ ਮਾਣ ਵਧਾਇਆ। ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਪੰਜਾਬ ਯੂਨੀਵਰਸਿਟੀ ਦੇ ਇੰਟਰ ਜ਼ੋਨਲ ਯੁਵਕ ਅਤੇ ਵਿਰਾਸਤ ਮੇਲੇ (16 ਨਵੰਬਰ ਤੋਂ 19 ਨਵੰਬਰ, 08) ਵਿਚ ਕਾਲਜ ਵਿਦਿਆਰਥਣਾਂ ਨੇ ਤਿੰਨ ਇਨਾਮ ਪ੍ਰਾਪਤ ਕੀਤੇ। ਸਕਿੱਟ ਵਿਚੋਂ ਵਿਅਕਤੀਗਤ ਤੌਰ 'ਤੇ ਦੂਜਾ ਇਨਾਮ ਮਿਸ ਭਾਵਨਾ, ਗੀਤ ਵਿਚੋਂ ਤੀਜਾ ਇਨਾਮ ਮਿਸ ਅਨੂੰ ਅਤੇ ਕਵੀਸ਼ਰੀ ਵਿਚੋਂ (ਗਰੁੱਪ ਆਈਟਮ) ਤੀਜਾ ਇਨਾਮ ਹਾਸਿਲ ਕੀਤਾ।

25 ਅਕਤੂਬਰ, 2009 ਤੋਂ 30 ਅਕਤੂਬਰ, 2009 ਦੌਰਾਨ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਮਾਹਿਲਪੁਰ ਵਿਖੇ ਜ਼ੋਨਲ ਯੁਵਕ ਅਤੇ ਵਿਰਾਸਤ ਮੇਲੇ ਵਿਚ ਕਾਲਜ ਵਿਦਿਆਰਥਣਾਂ ਨੇ 15 ਪਹਿਲੇ, 15 ਦੂਜੇ ਅਤੇ 6 ਤੀਜੇ ਇਨਾਮ ਪ੍ਰਾਪਤ ਕਰਕੇ ਜਿੱਥੇ ਕਾਲਜ ਦਾ ਨਾਂ ਰੌਸ਼ਨ ਕੀਤਾ ਉੱਥੇ ਜ਼ੋਨ 1 ਵਿਚੋਂ ਸਭ ਤੋਂ ਵੱਧ ਇਨਾਮ ਪ੍ਰਾਪਤ ਕਰਨ ਦਾ ਮਾਣ ਵੀ ਇਸ ਕਾਲਜ ਨੂੰ ਪ੍ਰਾਪਤ ਹੋਇਆ। ਦੇਵ ਸਮਾਜ ਕਾਲਜ ਫ਼ਾਰ ਵਿਮੈੱਨ ਫਿਰੋਜ਼ਪੁਰ ਵਿਖੇ ਪੰਜਾਬ ਯੂਨੀਵਰਸਿਟੀ ਦੇ ਇੰਟਰ ਜ਼ੋਨਲ ਯੁਵਕ ਅਤੇ ਵਿਰਾਸਤ ਮੇਲੇ (5 ਨਵੰਬਰ ਤੋਂ 8 ਨਵੰਬਰ, 2009) ਵਿਚ ਕਾਲਜ ਦੀਆਂ 29 ਵਿਦਿਆਰਥਣਾਂ ਨੇ 15 ਮੁਕਾਬਲਿਆਂ ਵਿਚ ਭਾਗ ਲਿਆ ਅਤੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ।

12 ਅਕਤੂਬਰ ਤੋਂ 15 ਅਕਤੂਬਰ, 2010 ਦੌਰਾਨ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ, ਗੜ੍ਹਸ਼ੰਕਰ ਵਿਖੇ ਜ਼ੋਨਲ ਯੁਵਕ ਅਤੇ ਵਿਰਾਸਤ ਮੇਲੇ ਵਿਚ ਸਾਡੇ ਕਾਲਜ ਨੇ 12 ਪਹਿਲੇ, 12 ਦੂਜੇ ਅਤੇ 7 ਤੀਜੇ ਇਨਾਮ ਪ੍ਰਾਪਤ ਕੀਤੇ। ਇਸੇ ਲੜੀ ਵਿਚ ਕਾਲਜ ਦਾ ਮਾਣ ਵਧਾਉਂਦਿਆਂ ਹੋਇਆਂ ਕਾਲਜ ਵਿਦਿਆਰਥਣਾਂ ਨੇ ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਵਿਖੇ 24-10-2010 ਤੋਂ 27-10-2010 ਤੱਕ ਹੋਏ ਇਸ ਇੰਟਰ ਜ਼ੋਨਲ ਯੁਵਕ ਅਤੇ ਵਿਰਾਸਤ ਮੇਲੇ ਵਿਚ ਅੱਠ ਮੁਕਾਬਲਿਆਂ ਵਿਚ ਭਾਗ ਲਿਆ। ਇਨਾਂ ਮੁਕਾਬਲਿਆਂ ਵਿਚ ਕਾਲਜ ਦੀ ਫ਼ੋਕ ਆਰਕੈਸਟ੍ਰਾ ਟੀਮ ਨੇ ਦੂਜਾ ਸਥਾਨ ਹਾਸਿਲ ਕੀਤਾ ਤੇ ਕਾਲਜ ਦੀ ਵਿਦਿਆਰਥਣ ਪੂਰਨਿਮਾਂ ਨੇ ਦੂਜਾ ਵਿਅਕਤੀਗਤ ਇਨਾਮ ਹਾਸਲ ਕੀਤਾ।

18 ਅਕਤੂਬਰ ਤੋਂ 21 ਅਕਤੂਬਰ, 2011 ਦੌਰਾਨ ਡੀ.ਏ.ਵੀ. ਕਾਲਜ, ਹੁਸ਼ਿਆਰਪੁਰ ਵਿਖੇ ਜ਼ੋਨਲ ਯੁਵਕ ਅਤੇ ਵਿਰਾਸਤ ਮੇਲੇ ਵਿਚ ਸਾਡੇ ਕਾਲਜ ਨੇ 12 ਪਹਿਲੇ, 12 ਦੂਜੇ ਤੇ 11 ਤੀਜੇ ਇਨਾਮ ਪ੍ਰਾਪਤ ਕਰਕੇ ਕੁੱਲ 35 ਇਨਾਮ ਪ੍ਰਾਪਤ ਕੀਤੇ।

8 ਅਕਤੂਬਰ ਤੋਂ 11 ਅਕਤੂਬਰ, 2012 ਦੌਰਾਨ ਡੀ.ਏ.ਵੀ. ਕਾਲਜ, ਹੁਸ਼ਿਆਰਪੁਰ ਵਿਖੇ ਕਰਵਾਏ ਗਏ ਜ਼ੋਨਲ ਯੁਵਕ ਅਤੇ ਵਿਰਾਸਤ ਮੇਲੇ ਵਿਚ ਸਾਡੇ ਕਾਲਜ ਨੇ 6 ਪਹਿਲੇ, 13 ਦੂਜੇ ਅਤੇ 5 ਤੀਜੇ ਇਨਾਮ ਹਾਸਲ ਕੀਤੇ। 26 ਅਕਤੂਬਰ ਤੋਂ 30 ਅਕਤੂਬਰ, 2012 ਤੱਕ ਜੀ.ਜੀ.ਡੀ.ਐਸ.ਡੀ. ਕਾਲਜ ਹਰਿਆਣਾ ਵਿਖੇ ਕਰਵਾਏ ਗਏ ਇੰਟਰ ਜ਼ੋਨਲ ਯੁਵਕ ਅਤੇ ਵਿਰਾਸਤ ਮੇਲੇ ਵਿਚ ਕਾਲਜ ਦੀਆਂ 12 ਵਿਦਿਆਰਥਣਾਂ ਨੇ 10 ਆਈਟਮਾਂ ਵਿਚ ਹਿੱਸਾ ਲਿਆ। ਵਿਦਿਆਰਥਣਾਂ ਨੇ ਮਹਿੰਦੀ ਮੁਕਾਬਲਿਆਂ ਵਿਚ ਪਹਿਲਾ ਅਤੇ ਆਨ ਦੀ ਸਪਾਟ ਪੇਂਟਿੰਗ ਵਿਚ ਤੀਜਾ ਇਨਾਮ ਪ੍ਰਾਪਤ ਕੀਤਾ।

21 ਅਕਤੂਬਰ ਤੋਂ 23 ਅਕਤੂਬਰ, 2013 ਦੌਰਾਨ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ, ਗੜ੍ਹਸ਼ੰਕਰ ਵਿਖੇ ਕਰਵਾਏ ਗਏ ਜ਼ੋਨਲ ਯੁਵਕ ਅਤੇ ਵਿਰਾਸਤ ਮੇਲੇ ਵਿਚ ਸਾਡੇ ਕਾਲਜ ਨੇ 7 ਪਹਿਲੇ, 8 ਦੂਜੇ ਅਤੇ 8 ਤੀਜੇ ਇਨਾਮ ਪ੍ਰਾਪਤ ਕੀਤੇ। ਇਸ ਯੁਵਕ ਅਤੇ ਵਿਰਾਸਤ ਮੇਲੇ

ਵਿਚ ਕਾਲਜ ਨੇ 71 ਅੰਕ ਲੈ ਕੇ ਦੂਜਾ ਸਥਾਨ ਪ੍ਰਾਪਤ ਕੀਤਾ।

ਪੰਜਾਬ ਯੂਨੀਵਰਸਿਟੀ ਵੱਲੋਂ ਜ਼ੋਨਲ ਯੂਥ ਫੈਸਟੀਵਲ 15.10.2014 ਤੋਂ 18.10.2014 ਤੱਕ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਮਾਹਿਲਪੁਰ ਵਿਖੇ ਕਰਵਾਇਆ ਗਿਆ। ਸ੍ਰੀ ਗੁਰੂ ਹਰਿ ਰਾਇ ਸਾਹਿਬ ਕਾਲਜ ਦੀਆਂ ਵਿਦਿਆਰਥਣਾਂ ਨੇ 21 ਆਈਟਮਾਂ ਵਿੱਚ ਭਾਗ ਲਿਆ ਅਤੇ 15 ਇਨਾਮ ਪ੍ਰਾਪਤ ਕੀਤੇ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਕਰਵਾਏ ਗਏ 'ਜ਼ੋਨ ਏ' ਦਾ ਯੁਵਕ ਅਤੇ ਵਿਰਾਸਤੀ ਮੇਲਾ ਜੋ ਕਿ 13 ਤੋਂ ਲੈ ਕੇ 16 ਅਕਤੂਬਰ 2015 ਨੂੰ ਕਾਲਜ ਕੈਂਪਸ ਵਿੱਚ ਕਰਵਾਇਆ ਗਿਆ, ਜਿਸ ਵਿੱਚ 14 ਕਾਲਜਾਂ ਨੇ ਭਾਗ ਲਿਆ। ਜਿਨ੍ਹਾਂ ਵਿੱਚੋਂ ਸਾਡੇ ਕਾਲਜ ਦੀਆਂ ਵਿਦਿਆਰਥਣਾਂ ਨੇ 56 ਆਈਟਮਾਂ ਵਿੱਚੋਂ 45 ਇਨਾਮ ਹਾਸਿਲ ਕਰਕੇ ਓਵਰ ਆਲ ਟਰਾਫ਼ੀ ਹਾਸਿਲ ਕੀਤੀ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ 58ਵਾਂ ਯੁਵਕ ਅਤੇ ਵਿਰਾਸਤੀ ਮੇਲਾ M.B.B.G.G.G. ਗਰਲਜ਼ ਕਾਲਜ, ਰੱਤੇਵਾਲ ਵਿੱਖੇ ਮਿਤੀ 3 ਤੋਂ 6 ਅਕਤੂਬਰ 2016 ਤੱਕ ਮਨਾਇਆ ਗਿਆ, ਜਿਸ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਨੇ 17 ਇਨਾਮ ਪ੍ਰਾਪਤ ਕੀਤੇ, ਜਿਸ ਵਿੱਚੋਂ 5 ਪਹਿਲੇ, 5 ਦੂਜੇ ਅਤੇ 7 ਤੀਜੇ ਇਨਾਮ ਸ਼ਾਮਿਲ ਸਨ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ 58ਵਾਂ ਇੰਟਰ ਜ਼ੋਨਲ ਯੁਵਕ ਅਤੇ ਵਿਰਾਸਤੀ ਮੇਲਾ ਸਰਕਾਰੀ ਗਰਲਜ਼ ਕਾਲਜ, ਲੁਧਿਆਣਾ ਵਿੱਖੇ 2 ਤੋਂ 5 ਅਕਤੂਬਰ 2016 ਤੱਕ ਮਨਾਇਆ ਗਿਆ, ਜਿਸ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਦਾ ਫੋਟੋਗ੍ਰਾਫ਼ੀ ਤੇ ਮੁਹਾਵਰੇਦਾਰ ਵਾਰਤਾਲਾਪ ਵਿੱਚ ਵਧੀਆ ਪ੍ਰਦਰਸ਼ਨ ਰਿਹਾ।

ਮਿਤੀ 26 ਤੋਂ 29 ਸਤੰਬਰ 2017 ਤੱਕ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਹੁਸ਼ਿਆਰਪੁਰ ਜ਼ੋਨ-ਏ ਦਾ ਯੁਵਕ ਅਤੇ ਵਿਰਾਸਤੀ ਮੇਲਾ ਸਨਾਤਨ ਧਰਮ ਕਾਲਜ, ਹੁਸ਼ਿਆਰਪੁਰ ਵਿੱਖੇ ਕਰਵਾਇਆ ਗਿਆ, ਜਿਸ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਨੇ ਵੱਖ-ਵੱਖ ਆਈਟਮਜ਼ ਵਿੱਚ ਭਾਗ ਲੈ ਕੇ ਕੁੱਲ 20 ਇਨਾਮ ਹਾਸਿਲ ਕੀਤੇ, ਜਿਸ ਵਿੱਚੋਂ 8 ਪਹਿਲੇ, 5 ਦੂਜੇ ਅਤੇ 7 ਤੀਜੇ ਇਨਾਮ ਸ਼ਾਮਿਲ ਸਨ।

ਮਿਤੀ 28 ਤੋਂ 31 ਅਕਤੂਬਰ 2017 ਨੂੰ ਡੀ.ਏ.ਵੀ. ਕਾਲਜ, ਹੁਸ਼ਿਆਰਪੁਰ ਵਿੱਖੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਇੰਟਰ ਜ਼ੋਨਲ ਯੂਥ ਫ਼ੈਸਟੀਵਲ ਕਰਵਾਇਆ ਗਿਆ, ਜਿਸ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਨੇ ਵੱਖ-ਵੱਖ ਆਈਟਮਜ਼ ਵਿੱਚ ਭਾਗ ਲੈ ਕੇ ਵਧੀਆ ਪ੍ਰਦਰਸ਼ਨ ਕੀਤਾ।

ਮਿਤੀ 14 ਨਵੰਬਰ ਤੋਂ 17 ਨਵੰਬਰ 2018 ਤੱਕ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਯੁਵਕ ਅਤੇ ਵਿਰਾਸਤੀ ਮੇਲਾ, ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕਾਨਸਟਿਚਐਂਟ ਕਾਲਜ ਬਲਾਚੌਰ ਵਿਖੇ ਕਰਵਾਇਆ ਗਿਆ। ਜਿਸ ਵਿੱਚ ਕਾਲਜ ਵੱਲੋਂ 25 ਇਨਾਮ ਪ੍ਰਾਪਤ ਕੀਤੇ।

ਮਿਤੀ 11 ਅਕਤੂਬਰ ਤੋਂ 14 ਅਕਤੂਬਰ 2019 ਨੂੰ ਬੱਬਰ ਅਕਾਲੀ ਮੈਮੋਰੀਅਲ ਖਾਲਸਾ ਕਾਲਜ ਗੜ੍ਹਸ਼ੰਕਰ ਵਿੱਖੇ ਯੂਥ ਫੈਸਟੀਵਲ ਕਰਵਾਇਆ ਗਿਆ, ਜਿੱਸ ਵਿੱਚ ਕਾਲਜ ਦੀਆਂ ਵਿਦਿਆਰਥੀਆਂ ਨੇ 40 ਆਈਟਮਜ਼ ਵਿੱਚ ਹਿੱਸਾ ਲੈਕੇ 25 ਇਨਾਮ ਪ੍ਰਾਪਤ ਕੀਤੇ।

ਸੈਸ਼ਨ 2020-21 ਦੌਰਾਨ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਯੂਥ ਵਿਭਾਗ ਵੱਲੋਂ ਪੰਜਾਬ ਦੇ ਵੱਖ-ਵੱਖ ਕਾਲਜਾਂ ਵਿੱਚ ਆਨਲਾਈਨ ਅੰਤਰ ਕਾਲਜ ਮੁਕਾਬਲੇ ਕਰਵਾਏ ਗਏ, ਜਿੱਸ ਵਿੱਚ ਕਾਲਜ ਦੇ ਸੀਨੀਅਰ ਪ੍ਰੋਫੈਸਰ ਡਾ. ਮਨਜੀਤ ਕੌਰ ਦੀ ਅਗਵਾਈ ਵਿੱਚ ਸਾਡੇ ਕਾਲਜ ਦੀਆਂ ਵਿਦਿਆਰਥਣਾਂ ਮਨਪ੍ਰੀਤ ਕੌਰ ਨੇ ਲੋਕ ਗੀਤ, ਸਹਿਜਪ੍ਰੀਤ ਕੌਰ ਨੇ ਵਾਰ ਗਾਇਨ, ਮਨਪ੍ਰੀਤ ਕੌਰ ਨੇ ਕਲੀ ਗਾਇਨ, ਮਨਪ੍ਰੀਤ ਕੌਰ ਨੇ ਕਵਿਸ਼ਰੀ ਗਾਇਨ, ਸਿਮਰਜੀਤ ਕੌਰ ਨੇ ਨਿਟਿੰਗ, ਪੂਜਾ ਨੇ ਫੁੱਲਕਾਰੀ, ਕਾਜਲ ਨੇ ਐਲੋਕੇਸ਼ਨ, ਦਲਬੀਰ ਕੌਰ ਨੇ ਮਹਿੰਦੀ, ਅਨਮੋਲ ਨੇ Covid-19 ਕੁਇਜ਼, ਸਹਿਜਪ੍ਰੀਤ ਨੇ ਕਵਿਤਾ ਉਚਾਰਨ, ਜਸਪ੍ਰੀਤ ਕੌਰ ਨੇ ਹਿੰਦੀ ਲਿਖਾਈ, ਅੰਕਿਤਾ ਨੇ ਇੰਗਲਿਸ਼ ਲਿਖਾਈ ਅਤੇ ਸਹਿਜਪ੍ਰੀਤ ਕੌਰ ਨੇ ਕਵਿਤਾ ਲਿਖਣ ਮੁਕਾਬਲਿਆਂ ਵਿੱਚ ਹਿਸਾ ਲਿਆ। ਇਹਨਾਂ ਵਿੱਚੋਂ ਮਨਪ੍ਰੀਤ ਕੌਰ ਨੇ ਲੋਕ ਗੀਤਾਂ ਵਿੱਚੋਂ ਤੀਜਾ, ਕਲੀ ਗਾਇਨ ਵਿੱਚੋਂ ਤੀਜਾ ਅਤੇ ਕਵਿਸ਼ਰੀ ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ।

# ਕਾਲਜ ਗਤੀਵਿਧੀਆਂ

**ਧਾਰਮਿਕ ਗਤੀਵਿਧੀਆਂ** :- ਕਾਲਜ ਦੀਆਂ ਵਿਦਿਆਰਥਣਾਂ ਨੂੰ ਗੁਰਸਿੱਖੀ ਜੀਵਨ ਨਾਲ ਜੋੜਨ ਅਤੇ ਗੁਰਮਤਿ ਦਾ ਮਹੱਤਵ ਉਜਾਗਰ ਕਰਨ ਲਈ ਸਮੇਂ-ਸਮੇਂ 'ਤੇ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ। ਨਵੇਂ ਵਰ੍ਹੇ ਦੀ ਸ਼ੁਰੂਆਤ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਬਾਣੀ ਸ੍ਰੀ ਸੁਖਮਣੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣ ਦੁਆਰਾ ਕੀਤੀ ਗਈ।

ਮਿਤੀ 1 ਫਰਵਰੀ ਤੋਂ 2 ਫਰਵਰੀ 2019 ਤੱਕ ਕਾਲਜ ਵਿੱਖੇ ਦੋ-ਸਾਲਾ ਪੱਤਰ ਵਿਹਾਰ ਕੋਰਸ ਦਾ ਇਮਤਿਹਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਕਰਵਾਇਆ ਗਿਆ, ਇਸ ਮੌਕੇ ਸੁਪਰਡੈਂਟ ਵੱਜੋਂ ਸ. ਹਰਪਾਲ ਸਿੰਘ ਜੀ ਆਏ। ਇਸ ਵਿੱਚ ਲਗਭਗ 83 ਵਿਦਿਆਰਥਣਾਂ ਨੇ ਹਿੱਸਾ ਲਿਆ।

ਮਿਤੀ 27 ਫਰਵਰੀ 2019 ਨੂੰ ਕਾਲਜ ਵਿੱਖੇ ਨੈਤਿਕ ਸਿੱਖਿਆ ਇਮਤਿਹਾਨ ਕਰਵਾਇਆ ਗਿਆ, ਜਿਸ ਵਿੱਚ ਕੁੱਲ 85 ਵਿਦਿਆਰਥਣਾਂ ਨੇ ਭਾਗ ਲਿਆ। ਇਸ ਮੌਕੇ ਸੁਪਰਿਡੈਂਟ ਵੱਜੋਂ ਸ. ਅਮਰੀਕ ਸਿੰਘ ਜੀ ਆਏ।

ਸਿਤੀ 18 ਅਕਤੂਬਰ 2019 ਨੂੰ ਕਾਲਜ ਵਿੱਖੇ ਸ਼੍ਰੀ ਗੁਰੂ ਗੋਬਿੰਦ ਸਿੰਘ ਸਟਡੀ ਸਰਕਲ ਲੁਧਿਆਣਾ ਵੱਲੋਂ ਨੈਤਿਕ ਸਿੱਖਿਆ ਦਾ ਇਮਤਿਹਾਨ ਕਰਵਾਇਆ ਗਿਆ, ਇਸ ਮੌਕੇ ਸ. ਬਲਜੀਤ ਸਿੰਘ ਬਤੌਰ ਸੁਪਰਿਡੈਂਟ ਹਾਜਿਰ ਹੋਏ ਤੇ ਲਗਭਗ 50 ਵਿਦਿਆਰਥਣਾਂ ਨੇ ਹਿੱਸਾ ਲਿਆ।

ਮਿਤੀ 22 ਨਵੰਬਰ 2019 ਨੂੰ ਕਾਲਜ ਵਿੱਖੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਰਤਨ ਸਮਾਗਮ ਕਰਵਾਇਆ ਗਿਆ, ਇਸ ਮੌਕੇ ਸਹਿਜ ਪਾਠ ਦੇ ਭੋਗ ਪਾਏ ਗਏ। ਸੱਚਖੰਡ ਹਰਮਿੰਦਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਸਾਹਿਬਾਨ ਨੇ ਗੁਰੂ ਦੀ ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਅਕਾਦਮਿਕ ਅਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੀਆਂ ਵਿਦਿਆਰਥਣਾਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਤੇ ਬੀਬੀ ਯਸ਼ਪਾਲ ਕੌਰ ਜੀ (ਹਰੀਆਂ ਬੇਲਾਂ) ਵੱਲੋਂ 10 ਮੈਰੀਟੋਰੀਅਸ ਵਿਦਿਆਰਥਣਾਂ ਨੂੰ 1300-1300 ਰੁਪਏ ਪ੍ਰੋਤਸਾਹਨ ਵੱਜੋਂ ਦਿੱਤੇ ਗਏ।

ਮਿਤੀ 8 ਸਤੰਬਰ 2020 ਨੂੰ ਕਾਲਜ ਵਿੱਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਅੰਮ੍ਰਿਤਸਰ ਵੱਲੋਂ ਦੋ ਸਾਲਾ ਪੱਤਰ-ਵਿਹਾਰ ਕੋਰਸ (ਸਿੱਖ ਧਰਮ ਅਧਿਐਨ) ਦਾ ਇਮਤਿਹਾਨ ਕਰਵਾਇਆ ਗਿਆ। ਇਸ ਮੌਕੇ ਸੁਪਰਡੈਂਟ ਵੱਜੋਂ ਸ. ਅਮਰੀਕ ਸਿੰਘ (ਗੜ੍ਹਸ਼ੰਕਰ) ਹਾਜਿਰ ਹੋਏ।

ਮਿਤੀ 13 ਫਰਵਰੀ 2021 ਅਤੇ 28 ਫਰਵਰੀ 2021 ਨੂੰ ਕਾਲਜ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਦੋ ਸਾਲਾਂ ਪੱਤਰ-ਵਿਹਾਰ ਕੋਰਸ ਦਾ ਇਮਤਿਹਾਨ ਕਰਵਾਇਆ ਗਿਆ। ਇਸ ਮੌਕੇ ਪ੍ਰੋ. ਬਲਬੀਰ ਸਿੰਘ (ਡਰੋਲੀ ਕਲਾਂ) ਬਤੌਰ ਸੁਪਰਿਡੈਂਟ ਹਾਜ਼ਰ ਹੋਏ।

**ਸੱਭਿਆਚਾਰਕ ਗਤੀਵਿਧੀਆਂ** :- ਸਿਤੀ 27 ਜੁਲਾਈ 2019 ਨੂੰ ਕਾਲਜ ਵਿੱਖੇ ਮਹਿੰਦੀ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਜਸਪ੍ਰੀਤ ਕੌਰ (B.Com. 1st Sem.) ਨੇ ਪਹਿਲਾ, ਕਨਿਕਾ ਨੇ ਦੂਜਾ ਤੇ ਵਿਸ਼ਾਲੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਕਾਲਜ ਵਿੱਖੇ ਪ੍ਰਿੰਸੀਪਲ ਡਾ. ਅਨੀਤਾ ਸਿੰਘ ਜੀ ਦੀ ਅਗਵਾਈ ਹੇਠ ਤੀਆਂ ਦਾ ਤਿਉਹਾਰ ਮਨਾਇਆ ਗਿਆ।

ਮਿਤੀ 14 ਨਵੰਬਰ ਤੋਂ 17 ਨਵੰਬਰ 2018 ਤੱਕ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਯੁਵਕ ਵਿਰਾਸਤੀ ਮੇਲਾ ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕਾਨਸਟਿਚਐਂਟ ਕਾਲਜ ਬਲਾਚੌਰ ਵਿਖੇ ਮਨਾਇਆ ਗਿਆ, ਜਿਸ ਵਿੱਚ ਚੱਬੇਵਾਲ ਕਾਲਜ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ। ਵਿਦਿਆਰਥਆਂ ਨੇ 25 ਇਨਾਮ ਜਿੱਤੇ, ਜਿਸ ਵਿੱਚੋਂ 3 ਪਹਿਲੇ, 7 ਦੂਜੇ ਅਤੇ 15 ਤੀਜੇ ਇਨਾਮ ਸ਼ਾਮਲ ਹਨ।

ਮਿਤੀ 16 ਅਕਤੂਬਰ 2018 ਨੂੰ ਕਾਲਜ ਵਿੱਖੇ ਮਹਿਫਿਲ-ਏ-ਰੋਣਕ ਰੰਗਾਰੰਗ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਵਿਦਿਆਰਥਣਾਂ ਵੱਲੋਂ ਗਰੁੱਪ Song, ਮੁਹਾਵਰੇਦਾਰ ਵਾਰਤਾਲਾਪ, ਮਾਇਮ, ਕਲੀ, ਵਾਰ, ਸਕਿੱਟ ਆਦਿ ਆਈਟਮਜ਼ ਪੇਸ਼ ਕੀਤੀਆਂ ਗਈਆਂ।

ਮਿਤੀ 11 ਫਰਵਰੀ 2019 ਨੂੰ ਕਾਲਜ ਵਿੱਖੇ 'ਬੇਟੀ ਬਚਾਓ-ਬੇਟੀ ਪੜ੍ਹਾਓ' ਮੁਹਿੰਮ ਅਧੀਨ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ

ਅਤੇ ਜਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ, ਬਾਲ ਵਿਕਾਸ ਪ੍ਰੋਜੈਕਟ ਅਫਸਰ, ਹੁਸ਼ਿਆਰਪੁਰ ਵੱਲੋਂ ਜਿਲ੍ਹਾ ਪੱਧਰੀ ਪ੍ਰੋਗਰਾਮ 'ਬਾਲੜੀਆਂ ਦੀ ਲੋਹੜੀ' ਸਮਾਰੋਹ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵੱਜੋਂ ਸੰਤ ਬਾਬਾ ਨਿਹਾਲ ਸਿੰਘ ਜੀ, ਬੀਬੀ ਯਸ਼ਪਾਲ ਕੌਰ ਜੀ ਖਾਲਸਾ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਸ਼੍ਰੀਮਤੀ ਇਸ਼ਾ ਕਾਲੀਆ ਤੇ ਵਿਸ਼ੇਸ਼ ਮਹਿਮਾਨ ਵੱਜੋਂ ਡਾ. ਰਾਜ ਕੁਮਾਰ (ਐਮ.ਐਲ.ਏ. ਹਲਕਾ ਚੱਬੇਵਾਲ), ਸ. ਹਰਜਿੰਦਰ ਸਿੰਘ ਧਾਮੀ ਤੇ ਹੋਰ ਸਮੂਹ ਕਮੇਟੀ ਮੈਂਬਰਜ਼ ਵੀ ਸ਼ਾਮਿਲ ਹੋਏ।

ਮਿਤੀ 9 ਅਕਤੂਬਰ 2019 ਨੂੰ ਕਾਲਜ ਵਿੱਖੇ 'ਮਹਿਫਿਲ ਸ਼ਗਨਾਂ ਦੀ' ਪ੍ਰੋਗਰਾਮ ਕਰਵਾਇਆ ਗਿਆ, ਇਸ ਮੌਕੇ ਵਿਦਿਆਰਥਣਾਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਤਹਿਤ ਆਨ-ਸਟੇਜ ਤੇ ਆਫ-ਸਟੇਜ ਆਈਟਮਜ਼ ਪੇਸ਼ ਕੀਤੀਆਂ ਗਈਆਂ।

ਮਿਤੀ 17 ਅਕਤੂਬਰ 2019 ਨੂੰ ਹੋਮ ਸਾਇੰਸ ਵਿਭਾਗ ਵੱਲੋਂ ਆਰਟ ਮੁਕਾਬਲਾ ਕਰਵਾਇਆ ਗਿਆ, ਇਸ ਮੌਕੇ ਮਹਿੰਦੀ, ਹੇਅਰ ਸਟਾਇਲ ਤੇ ਪਰਾਂਦਾ ਬਨਾਉਣ ਦੇ ਮੁਕਾਬਲੇ ਹੋਏ।

ਮਿਤੀ 11 ਅਕਤੂਬਰ ਤੋਂ 14 ਅਕਤੂਬਰ 2019 ਨੂੰ ਬੱਬਰ ਅਕਾਲੀ ਮੈਮੋਰੀਅਲ ਖਾਲਸਾ ਕਾਲਜ, ਗੜ੍ਹਸ਼ੰਕਰ ਵਿੱਖੇ ਯੂਥ ਅਤੇ ਹੈਰੀਟੇਜ ਫੈਸਟੀਵਲ ਕਰਵਾਇਆ ਗਿਆ। ਜਿਸ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਨੇ 40 ਆਈਟਮਜ਼ ਵਿੱਚ ਹਿੱਸਾ ਲਿਆ ਤੇ ਕੁੱਲ 25 ਇਨਾਮ ਹਾਸਿਲ ਕੀਤੇ ਜਿਨ੍ਹਾਂ ਵਿੱਚੋਂ 2 ਪਹਿਲੇ, 8 ਦੂਜੇ ਤੇ 15 ਤੀਜੇ ਇਨਾਮ ਸ਼ਾਮਿਲ ਹਨ।

ਮਿਤੀ 13 ਜਨਵਰੀ 2020 ਨੂੰ ਕਾਲਜ ਵਿੱਖੇ ਲੋਹੜੀ ਦਾ ਤਿਉਹਾਰ ਮਨਾਇਆ ਗਿਆ।

**ਕਾਲਜ ਸਰਗਰਮੀਆਂ** :- ਮਿਤੀ 4 ਜੁਲਾਈ 2018 ਨੂੰ ਕਾਲਜ ਵਿੱਖੇ ਕਲਾ ਕ੍ਰਿਤੀਆਂ ਵਿਸ਼ੇ 'ਤੇ ਪ੍ਰੋਗਰਾਮ ਕਰਵਾਇਆ ਗਿਆ, ਇਸ ਮੌਕੇ ਅਹਿਮਦਾਬਾਦ ਤੋਂ Artist ਆਏ।

ਮਿਤੀ 3 ਅਗਸਤ 2018 ਨੂੰ ਕਾਲਜ ਵਿੱਖੇ Eco Sikh Environment Protection Team Hariana ਵੱਲੋਂ ਪੌਦਾ ਰੋਪਣ ਦੀ ਰਸਮ ਕੀਤੀ ਗਈ ਤੇ 100 ਪੌਦੇ ਕਾਲਜ ਨੂੰ ਦਾਨ ਦਿੱਤੇ।

ਮਿਤੀ 17 ਸਤੰਬਰ 2018 ਨੂੰ ਕਾਲਜ ਵਿੱਖੇ ਸਾਇੰਸ ਵਿਭਾਗ ਵੱਲੋਂ Flora Festival ਮਨਾਇਆ ਗਿਆ।

ਮਿਤੀ 8 ਅਕਤੂਬਰ 2018 ਨੂੰ ਕੰਪਿਊਟਰ ਵਿਭਾਗ ਵੱਲੋਂ IT ਵਿਸ਼ੇ 'ਤੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ।

ਮਿਤੀ 16 ਅਕਤੂਬਰ 2018 ਨੂੰ ਕਾਲਜ ਵਿੱਖੇ ਇਤਿਹਾਸ ਵਿਭਾਗ ਵੱਲੋਂ ਮਹਾਤਮਾ ਗਾਂਧੀ ਜੀ ਦੁਆਰਾ ਚਲਾਏ ਗਏ 'ਖੇੜਾ ਅੰਦੋਲਨ ਸੱਤਿਆਗ੍ਰਹਿ' ਸ਼ਤਾਬਦੀ ਸਮਾਰੋਹ ਮਨਾਇਆ ਗਿਆ।

ਮਿਤੀ 5 ਨਵੰਬਰ 2018 ਨੂੰ ਕਾਲਜ ਵਿੱਖੇ Home Science ਅਤੇ Fashion Designing ਵਿਭਾਗ ਵੱਲੋਂ ਪ੍ਰਦਰਸ਼ਨੀ ਲਗਾਈ ਗਈ। ਇਸ ਮੌਕੇ ਮੁੱਖ ਮਹਿਮਾਨ ਵੱਜੋਂ ਮਿਸਿਜ਼ ਦੱਤ (ਪ੍ਰਿੰਸੀਪਲ, ਸ਼ਿਵਾਲਿਕ ਸਕੂਲ ਚੱਬੇਵਾਲ) ਸ਼ਾਮਿਲ ਹੋਏ।

ਮਿਤੀ 22 ਨਵੰਬਰ 2018 ਨੂੰ ਕਾਲਜ ਵਿੱਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਮੌਕੇ 'ਤੇ ਅਧਿਆਤਮਕ ਸੈਮੀਨਾਰ ਕਰਵਾਇਆ ਗਿਆ ਤੇ ਇਸ ਮੌਕੇ ਮੁੱਖ ਬੁਲਾਰੇ ਵੱਜੋਂ ਸ. ਯਸ਼ਪਾਲ ਸਿੰਘ ਜੀ (ਦਿੱਲੀ) ਤੇ ਉਨ੍ਹਾਂ ਦੇ ਸਹਿਯੋਗੀ ਸ. ਸੰਦੀਪ ਸਿੰਘ ਜੀ ਹਾਜ਼ਰ ਹੋਏ।

ਮਿਤੀ 24 ਦਸੰਬਰ 2018 ਨੂੰ ਕਾਲਜ ਵਿੱਖੇ ਸਿੱਖ ਕੌਮ ਦੇ ਸ਼ਹੀਦਾਂ ਨੂੰ ਸਮਰਪਿਤ ਸ਼ਹੀਦੀ ਦਿਹਾੜਾ ਮਨਾਇਆ ਗਿਆ।

ਮਿਤੀ 17 ਜਨਵਰੀ 2019 ਨੂੰ Rayat Bahra Group of Institutions Hoshiarpur ਵਿੱਖੇ Synergy 2019, ਤੂੰ ਮੇਰਾ ਬਡੀ ਤੇ ਤੰਦਰੁਸਤ ਪੰਜਾਬ ਦੇ ਪ੍ਰੋਜੈਕਟ ਅਧੀਨ Anti Drug Addiction ਦੇ ਥੀਮ ਨੂੰ ਮੁੱਖ ਰੱਖਦਿਆਂ ਕਵਿਤਾ ਉਚਾਰਨ ਵਿੱਚ ਤਨੁ ਨੇ ਪਹਿਲਾ, ਵਾਦ-ਵਿਵਾਦ ਵਿੱਚ ਅੰਜਲੀ ਨੇ ਦੂਜਾ ਅਤੇ ਪੋਸਟਰ ਮੇਕਿੰਗ ਵਿੱਚ ਹਰਦਿਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਮਿਤੀ 30 ਜਨਵਰੀ 2019 ਨੂੰ ਕਾਲਜ ਵਿੱਖੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਨੂੰ ਸ਼ਰਧਾਂਜਲੀ ਦਿੱਤੀ ਗਈ।

ਮਿਤੀ 11 ਫਰਵਰੀ 2019 ਨੂੰ ਕਾਲਜ ਵਿੱਖੇ ਹੋਮ ਸਾਇੰਸ ਵਿਭਾਗ ਵੱਲੋਂ Low Cost High Nutrition ਵਿਸ਼ੇ ਉੱਤੇ Activity ਕਰਵਾਈ

ਗਈ।

ਮਿਤੀ 14 ਫਰਵਰੀ 2019 ਨੂੰ ਕਾਲਜ ਵਿੱਖੇ ਭਾਰਜ ਲਾਈਫ ਕੇਅਰ ਹਸਪਤਾਲ, ਹੁਸ਼ਿਆਰਪੁਰ ਵੱਲੋਂ ਦੰਦਾਂ ਦਾ ਮੁਫਤ ਕੈਂਪ ਲਗਾਇਆ ਗਿਆ।

ਮਿਤੀ 15 ਫਰਵਰੀ 2019 ਨੂੰ ਜੀ.ਜੀ.ਡੀ.ਐਸ.ਡੀ. ਕਾਲਜ, ਹਰਿਆਨਾ ਵਿੱਖੇ National Mathematics Day in the memory of Mathematician Srinivasa Ramanujan ਵਿਸ਼ੇ 'ਤੇ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਰੰਗੋਲੀ ਮੁਕਾਬਲਾ ਵਿੱਚ ਦਲਵੀਰ ਕੌਰ (ਬੀ.ਐਸ.ਸੀ.) ਤੇ ਸਿਮਰਨਪ੍ਰੀਤ ਕੌਰ ਨੇ ਤੀਜਾ ਇਨਾਮ ਅਤੇ ਪੋਸਟਰ ਪ੍ਰਦਰਸ਼ਣ ਵਿੱਚ ਜਸਮੀਤ ਕੌਰ (ਬੀ.ਐਸ.ਸੀ.) ਨੇ ਤੀਜਾ ਇਨਾਮ ਪ੍ਰਾਪਤ ਕੀਤਾ।

ਮਿਤੀ 25 ਫਰਵਰੀ 2019 ਨੂੰ ਅਰਥ ਸ਼ਾਸਤਰ ਵਿਭਾਗ ਵੱਲੋਂ 'ਭਾਰਤ ਦੀ ਵਰਤਮਾਨ ਆਰਥਿਕੀ ਸਥਿਤੀ' ਵਿਸ਼ੇ ਉੱਤੇ ਵਾਦ-ਵਿਵਾਦ ਪ੍ਰਤੀਯੋਗਤਾ ਕਰਵਾਈ ਗਈ।

ਮਿਤੀ 26 ਫਰਵਰੀ 2019 ਨੂੰ ਫਾਈਨ ਆਰਟਸ ਵਿਭਾਗ ਵੱਲੋਂ ਐਰਾਜੀਬੇਸਨ ਵਰਲੀ ਪੇਂਟਿੰਗ ਦੇ ਵਿਸ਼ੇ 'ਤੇ ਪ੍ਰਦਰਸ਼ਨੀ ਲਗਾਈ ਗਈ।

ਮਿਤੀ 28 ਫਰਵਰੀ 2019 ਨੂੰ ਕਾਲਜ ਦੇ ਸਾਇੰਸ ਵਿਭਾਗ ਵੱਲੋਂ ਸਾਇੰਸ ਦਿਵਸ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵੱਜੋਂ ਉੱਘੇ ਹਿੰਦੀ ਲੇਖਕ ਡਾ. ਧਰਮਪਾਲ ਸਾਹਿਲ ਜੀ ਸ਼ਾਮਿਲ ਹੋਏ।

ਮਿਤੀ 8 ਮਾਰਚ 2019 ਨੂੰ ਕਾਲਜ ਵਿੱਖੇ 'ਅੰਤਰਰਾਸ਼ਟਰੀ ਮਹਿਲਾ ਦਿਵਸ' ਮਨਾਇਆ ਗਿਆ।

ਮਿਤੀ 9 ਮਾਰਚ 2019 ਨੂੰ ਕਾਲਜ ਦੀਆਂ ਵਿਦਿਆਰਥਣਾਂ ਨੇ ਖਾਲਸਾ ਕਾਲਜ, ਗੜ੍ਹਦੀਵਾਲਾ ਵੱਲੋਂ ਕਰਵਾਈ ਗਈ ਕੁਇਜ਼ ਪ੍ਰਤੀਯੋਗਤਾ ਵਿੱਚ ਹਿਸਾ ਲਿਆ। ਇਸ ਪ੍ਰਤੀਯੋਗਤਾ ਵਿੱਚ ਅੰਮ੍ਰਿਤਾ ਸੈਣੀ, ਮਨੀਸ਼ਾ ਰਾਣੀ ਤੇ ਸਿਮਰਜੀਤ ਕੌਰ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਮਿਤੀ 2 ਅਪ੍ਰੈਲ 2019 ਨੂੰ ਕਾਲਜ ਵਿੱਖੇ ਸਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵੱਜੋਂ ਸ਼੍ਰੀ ਲਖਵਿੰਦਰ ਲੱਕੀ ਜੀ, ਰਿਡਾਇਰਡ ਕਮਿਸ਼ਨਰ ਤੇ ਵਿਸ਼ੇਸ਼ ਮਹਿਮਾਨ ਵੱਜੋਂ ਸ. ਹਰਮਿੰਦਰ ਸਿੰਘ ਸੰਧੂ ਸਰਪੰਚ ਚੱਬੇਵਾਲ ਨੇ ਸ਼ਿਰਕਤ ਕੀਤੀ।

ਮਿਤੀ 16 ਅਪ੍ਰੈਲ 2019 ਨੂੰ ਕਾਲਜ ਦੇ ਪੰਜਾਬੀ ਵਿਭਾਗ ਵੱਲੋਂ ਕਵੀ ਸੰਮੇਲਨ ਕਰਵਾਇਆ ਗਿਆ। ਇਸ ਸੰਮੇਲਨ ਵਿੱਚ ਪੰਜਾਬੀ ਕਵਿਤਰੀ 'ਸੁਖਵਿੰਦਰ ਅੰਮ੍ਰਿਤ ਜੀ' ਨੇ ਵਿਸ਼ੇਸ਼ ਤੌਰ ਤੇ ਹਿੱਸਾ ਲਿਆ। ਇਸ ਤੋਂ ਇਲਾਵਾ ਸੁਰਜੀਤ ਜੱਜ, ਗੁਰਦਿਆਲ ਰੋਸ਼ਨ, ਮਦਨਵੀਰਾ, ਪ੍ਰੀਤ ਨੀਤਪੁਰ ਅਤੇ ਹੋਰ ਪ੍ਰਸਿੱਧ ਕਵੀਆਂ ਤੋਂ ਇਲਾਵਾ ਕਾਲਜ ਵਿਦਿਆਰਥਣਾਂ ਨੇ ਵੀ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ।

ਮਿਤੀ 30 ਅਪ੍ਰੈਲ 2019 ਨੂੰ ਕਾਲਜ ਵਿੱਖੇ ਭਾਗ ਦੂਜਾ ਦੀਆਂ ਵਿਦਿਆਰਥਣਾਂ ਵੱਲੋਂ ਭਾਗ ਤੀਜਾ ਦੀਆਂ ਵਿਦਿਆਰਥਣਾਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ।

ਮਿਤੀ 2 ਮਈ 2019 ਨੂੰ ਕਾਲਜ ਦੇ ਸਾਇੰਸ ਵਿਭਾਗ ਵੱਲੋਂ 'ਧਰਤੀ ਦਿਵਸ' ਮਨਾਇਆ ਗਿਆ।

ਮਿਤੀ 1 ਅਗਸਤ 2019 ਨੂੰ ਪਾਣੀ ਦੀ ਸ਼ੁੱਧਤਾ ਨੂੰ ਦੇਖਦੇ ਹੋਏ ਜਿਲਾ ਡਿਪਟੀ ਕਮਿਸ਼ਨਰ ਦੇ ਆਦੇਸ਼ਾਂ ਅਨੁਸਾਰ 'ਜਲ ਸ਼ਕਤੀ ਅਭਿਆਨ' ਵਿਸ਼ੇ 'ਤੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਪ੍ਰੋ. ਵਿਜੈ ਕੁਮਾਰ, ਪ੍ਰੋ. ਰਣਜੀਤ ਕੁਮਾਰ (ਸਰਕਾਰੀ ਕਾਲਜ, ਹੁਸ਼ਿਆਰਪੁਰ) ਉਚੇਚੇ ਤੌਰ 'ਤੇ ਪਹੁੰਚੇ।

ਮਿਤੀ 28 ਅਗਸਤ 2019 ਨੂੰ ਕਾਲਜ ਦੇ ਸੀਨੀਅਰ ਪ੍ਰੋ. ਡਾ. ਮਨਜੀਤ ਕੌਰ ਜੀ ਵੱਲੋਂ ਤਿਆਰ ਕੀਤਾ 2019-20 ਸੈਸ਼ਨ ਦਾ 'ਅਕਾਦਮਿਕ ਕੈਲੰਡਰ' ਪੰਜਾਬ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਰਿਲੀਜ਼ ਕੀਤਾ ਗਿਆ।

ਮਿਤੀ 2 ਸਤੰਬਰ 2019 ਨੂੰ 'ਗੁਰੂ ਨਾਨਕ ਬਗੀਚੀ' ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਾਵ ਨੂੰ ਸਮਰਪਿਤ ਤੇ ਵਾਤਾਵਰਨ ਦੀ ਹਰਿਆਵਲ ਨੂੰ ਮੱਦੇਨਜਰ ਰੱਖਦਿਆਂ ਲਗਾਈ ਗਈ। ਇਸ ਮੌਕੇ ਕਾਲਜ ਪ੍ਰਬੰਧਕੀ ਕਮੇਟੀ ਮੈਂਬਰਜ਼ ਵੱਲੋਂ ਕਾਲਜ ਕੈਂਪਸ ਵਿੱਚ ਪੌਦੇ ਲਗਾਏ

ਗਏ।

ਮਿਤੀ 25 ਸਤੰਬਰ 2019 ਨੂੰ ਫਾਈਨ ਆਰਟਸ ਵਿਭਾਗ ਵੱਲੋਂ ਉੱਘੇ ਕਲਾਕਾਰ 'ਸ਼੍ਰੀ ਜਾਮੀਨੀ ਰੋਯੇ' ਦੀ ਯਾਦ ਵਿੱਚ ਕਲਾ ਪ੍ਰਦਰਸ਼ਨੀ ਲਗਾਈ ਗਈ।

ਮਿਤੀ 11 ਅਕਤੂਬਰ 2019 ਨੂੰ ਕਾਲਜ ਵਿਖੇ ਰਾਸ਼ਟਰੀ ਯੁਵਾ ਦਿਵਸ ਮਨਾਇਆ ਗਿਆ।

ਮਿਤੀ 21 ਅਕਤੂਬਰ 2019 ਨੂੰ ਕਾਲਜ ਦੀ NSS ਟੀਮ ਵੱਲੋਂ ਕਾਲਜ ਵਿੱਖੇ ਸਫਾਈ ਮੁਹਿੰਮ ਅਧੀਨ ਕੈਂਪ ਲਗਾਇਆ ਗਿਆ।

ਮਿਤੀ 26 ਅਕਤੂਬਰ 2019 ਨੂੰ ਕਾਲਜ ਵਿੱਖੇ ਦੀਵਾਲੀ ਦੇ ਮੌਕੇ ਤੇ ਕਾਲਜ ਵਿੱਖੇ ਫੈਸ਼ਨ ਡਿਜ਼ਾਈਨਿੰਗ ਵਿਭਾਗ ਵੱਲੋਂ ਆਰਟ ਤੇ ਕਰਾਫਟ ਦੀਆਂ ਵਸਤਾਂ ਦੀ ਪ੍ਰਦਰਸ਼ਨੀ ਲਗਾਈ ਗਈ।

ਮਿਤੀ 14 ਨਵੰਬਰ ਤੋਂ 20 ਨਵੰਬਰ 2019 ਨੂੰ ਕਾਲਜ ਵਿੱਖੇ ਰਾਸ਼ਟਰੀ ਪੁਸਤਕਾਲਾ ਹਫਤਾ ਮਨਾਇਆ ਗਿਆ।

ਮਿਤੀ 26 ਨਵੰਬਰ 2019 ਨੂੰ ਰਿਆਤ ਬਾਹਰਾ ਗਰੁੱਪ ਆਫ ਇੰਸਟੀਚਿਊਟਸ ਵਿੱਖੇ ਬੱਡੀ ਪ੍ਰੋਗਰਾਮ : ਤੰਦਰੁਸਤ ਪੰਜਾਬ ਅਧੀਨ Say No to Drugs, Save Environment ਵਿਸ਼ੇ 'ਤੇ ਮੁਕਾਬਲੇ ਕਰਵਾਏ ਗਏ। ਮਿਸ ਪ੍ਰਗਤੀ ਨੇ ਮਹਿੰਦੀ ਵਿੱਚ ਤੀਜਾ ਅਤੇ ਸਿਮਰਨਜੀਤ ਕੌਰ ਨੇ ਲੇਖ ਰਚਨਾ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।

ਮਿਤੀ 2 ਦਸੰਬਰ 2019 ਨੂੰ ਕਾਲਜ ਦੇ ਰੈੱਡ ਰਿੱਬਨ ਕਲੱਬ ਵੱਲੋਂ ਏਡਜ਼ ਦਿਵਸ ਮਨਾਇਆ ਗਿਆ।

ਮਿਤੀ 12 ਦਸੰਬਰ 2019 ਨੂੰ ਕਾਲਜ ਦੀ NSS ਯੂਨਿਟ ਦੇ ਇੰਚਾਰਜ ਪ੍ਰੋ. ਨਿਮਸੀ ਦੁਆਰਾ 7 ਰੋਜ਼ਾ ਕੌਮੀ ਸੇਵਾ ਯੋਜਨਾ ਕੈਂਪ ਕਾਲਜ ਕੈਂਪਸ ਵਿੱਚ ਆਰੰਭ ਕਰਵਾਇਆ ਗਿਆ।

ਮਿਤੀ 24 ਦਸੰਬਰ 2019 ਨੂੰ ਛੋਟੇ ਸਾਹਿਬਜਾਦਿਆਂ ਦੀ ਸਹੀਦੀ ਨੂੰ ਸਮਰਪਿਤ ਕਾਲਜ ਵਿੱਖੇ ਵਿਦਿਆਰਥਣਾਂ ਦੁਆਰਾ ਕੀਰਤਨ ਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ।

ਮਿਤੀ 23 ਜਨਵਰੀ 2020 ਨੂੰ 'ਬੇਟੀ ਬਚਾਓ-ਬੇਟੀ ਪੜ੍ਹਾਓ' ਮੁਹਿੰਮ ਅਧੀਨ ਕਾਲਜ ਵਿੱਖੇ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਵੱਲੋਂ 'ਆਤਮ ਸੁਰੱਖਿਆ' ਕਲਾਸਾਂ ਦੀ ਸ਼ੁਰੂਆਤ ਕੀਤੀ ਗਈ।

ਮਿਤੀ 12 ਫਰਵਰੀ 2020 ਨੂੰ ਕਾਲਜ ਵਿੱਖੇ 'ਜਾਗੋ ਸਾਹਿਤਕ ਸੰਗਮ ਸੰਮੇਲਨ' ਜਾਗੋ ਵੈਲਫੇਅਰ ਸੁਸਾਇਟੀ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵੱਜੋਂ ਸ਼੍ਰੀ ਅਜੀਤ ਨਾਗਰਾ, ਵਿਸ਼ੇਸ਼ ਮਹਿਮਾਨ ਵੱਜੋਂ ਸ਼੍ਰੀ ਅਵਿਨਾਸ਼ ਰਾਏ ਖੰਨਾ, ਸ਼੍ਰੀਮਤੀ ਮੀਨਾਕਸ਼ੀ ਖੰਨਾ, ਬੀਬੀ ਯਸ਼ਪਾਲ ਕੌਰ ਜੀ ਹਰੀਆਂ ਬੇਲਾਂ, ਪ੍ਰਸਿੱਧ ਸੂਫੀ ਗਾਇਕਾ ਹਸਮਤ, ਸੁਲਤਾਨਾ, ਗੁਰਮਿੰਦਰ ਕੈਂਡੋਵਾਲ, ਸ਼ਮਸ਼ੇਰ ਸੋਹੀ ਤੇ ਹੋਰ ਸਨਮਾਨਿਤ ਸ਼ਖਸੀਅਤਾਂ ਹਾਜ਼ਰ ਹੋਈਆਂ।

ਮਿਤੀ 7 ਮਾਰਚ 2020 ਨੂੰ ਕਾਲਜ ਵਿੱਖੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ।

ਮਿਸੀ 18 ਨਵੰਬਰ 2020 ਨੂੰ ਕਾਲਜ ਵਿੱਖੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਡਿਸਪੈਂਸਰੀ ਹਾਰਟਾ ਬਡਲਾ ਦੁਆਰਾ ਕਾਲਜ ਪ੍ਰਿੰਸੀਪਲ ਤੇ ਸਮੂਹ ਸਟਾਫ ਮੈਂਬਰਾਂ ਦੀ ਕੋਰੋਨਾ ਸੈਂਪਲਿੰਗ ਕੀਤੀ ਗਈ।

ਮਿਤੀ 24 ਨਵੰਬਰ 2020 ਨੂੰ ਹਿਸਟਰੀ ਵਿਭਾਗ ਵੱਲੋਂ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ 'ਤੇ Online ਕੰਪੀਟੀਸ਼ਨ ਕਰਵਾਇਆ ਗਿਆ।

ਮਿਤੀ 1 ਜਨਵਰੀ 2021 ਨੂੰ ਕਾਲਜ ਵਿੱਖੇ ਚਾਰ ਸਾਹਿਬਜਾਦਿਆਂ ਦੀ ਸ਼ਹੀਦੀ ਨਾਲ ਸੰਬੰਧਿਤ ਆਨਲਾਈਨ ਕਵਿਤਾ ਮੁਕਾਬਲੇ ਕਰਵਾਏ ਗਏ।

ਮਿਤੀ 13 ਜਨਵਰੀ 2021 ਨੂੰ ਕਾਲਜ ਵਿੱਖੇ ਲੋਹੜੀ ਦਾ ਤਿਉਹਾਰ ਮਨਾਇਆ ਗਿਆ।

# ਰਾਸ਼ਟਰੀ ਸੈਮੀਨਾਰ

ਮਿਤੀ 4 ਫਰਵਰੀ 2012 ਨੂੰ ਕਾਲਜ ਦੇ ਪੰਜਾਬੀ ਵਿਭਾਗ ਦੁਆਰਾ ਕਾਲਜ ਵਿਕਾਸ ਕੌਂਸਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਹਿਯੋਗ ਨਾਲ 'ਪ੍ਰਵਾਸੀ ਪੰਜਾਬੀ ਸਾਹਿਤ ਅਤੇ ਸਿਧਾਂਤ ਵਿਸ਼ੇ 'ਤੇ ਇਕ ਰੋਜਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦੀ ਪ੍ਰਧਾਨਗੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਉਪ-ਕੁਲਪਤੀ ਡਾ. ਐਸ.ਪੀ. ਸਿੰਘ ਨੇ ਕੀਤੀ। ਇਸ ਸੈਮੀਨਾਰ ਵਿੱਚ ਵੱਖ-ਵੱਖ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਪ੍ਰੋ. ਸਾਹਿਬਾਨਾਂ ਅਤੇ ਰਿਸਰਚ ਸਕੋਲਰਾਂ ਨੇ ਆਪਣੇ-ਆਪਣੇ ਖੋਜ-ਪੱਤਰ ਪੇਸ਼ ਕੀਤੇ।

ਮਿਤੀ 14 ਫਰਵਰੀ 2015 ਨੂੰ ਕਾਲਜ ਦੇ ਪੰਜਾਬੀ ਵਿਭਾਗ ਦੁਆਰਾ ਕਾਲਜ ਵਿਕਾਸ ਕੌਂਸਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਹਿਯੋਗ ਨਾਲ 'ਆਧੁਨਿਕ ਪੰਜਾਬੀ ਕਾਵਿ ਸਿਰਜਨਾ ਦੇ ਨਾਰੀ ਸਰੋਕਾਰ' ਵਿਸ਼ੇ ਉੱਤੇ ਇਕ ਰੋਜਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਦੇ ਮੁੱਖ ਮਹਿਮਾਨ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਡੀਨ ਪ੍ਰੋ. ਨਵਲ ਕਿਸ਼ੋਰ ਜੀ ਸਨ। ਇਸ ਸੈਮੀਨਾਰ ਦੀ ਪ੍ਰਧਾਨਗੀ ਡਾ. ਲਾਭ ਸਿੰਘ ਖੀਵਾ (ਪ੍ਰਿੰਸੀਪਲ, ਪੰਜਾਬੀ ਯੂਨੀਵਰਸਿਟੀ, ਕੋਨਸੀਚਿਊਟ ਕਾਲਜ ਘੁੱਦਾ, ਬਠਿੰਡਾ ਨੇ ਕੀਤੀ। ਇਸ ਸੈਮੀਨਾਰ ਵਿੱਚ ਪੰਜਾਬੀ ਵਿਭਾਗ ਦੇ ਮੁੱਖੀ ਡਾ. ਮਨਜੀਤ ਕੌਰ ਨੇ ਪ੍ਰਬੰਧਕੀ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ।

ਮਿਤੀ 3 ਸਤੰਬਰ 2016 ਨੂੰ ਕਾਮਰਸ ਵਿਭਾਗ ਵੱਲੋਂ ਇਕ ਰਾਸ਼ਟਰੀ ਸੈਮੀਨਾਰ ਕਾਲਜ ਵਿੱਖੇ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਮੁੱਖ ਮਹਿਮਾਨ ਵੱਜੋਂ ਡਾ. ਸੁਰੇਸ਼ ਕੁਮਾਰ ਚੱਡਾ (ਮੁਖੀ, ਪੰਜਾਬ ਯੂਨੀਵਰਸਿਟੀ ਸਕੂਲ ਆਫ਼ ਬਿਜਨਿਸ) ਤੇ ਵਿਸ਼ੇਸ਼ ਮਹਿਮਾਨ ਵੱਜੋਂ ਡਾ. ਲਖਵਿੰਦਰ ਸਿੰਘ ਕੰਗ (ਮੁਖੀ ਕਾਮਰਸ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਸ਼ਾਮਿਲ ਹੋਏ।

ਮਿਤੀ 10 ਮਾਰਚ 2018 ਨੂੰ ਕਾਲਜ ਵਿੱਖੇ ਕਾਲਜ ਵਿਕਾਸ ਕੌਂਸਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਹਿਯੋਗ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ : 'ਸਿੱਖ ਇਤਿਹਾਸ ਵਿੱਚ ਮੀਲ ਪੱਥਰ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਕਾਲਜ ਦੇ ਸਰਪ੍ਰਸਤ ਤੇ ਪ੍ਰਧਾਨ ਜਥੇਦਾਰ ਬਾਬਾ ਨਿਹਾਲ ਸਿੰਘ ਜੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਸੈਮੀਨਾਰ ਦੀ ਪ੍ਰਧਾਨਗੀ ਡਾ. ਗੁਰਦੀਪ ਕੁਮਾਰ ਸ਼ਰਮਾ (ਪ੍ਰਿੰਸੀਪਲ ਜੀ.ਜੀ.ਡੀ.ਐਸ.ਡੀ. ਕਾਲਜ, ਹਰਿਆਣਾ) ਅਤੇ ਕਾਲਜ ਦੇ ਕਾਰਜਕਾਰੀ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਜੀ ਨੇ ਕੀਤੀ। ਇਸ ਸੈਮੀਨਾਰ ਵਿੱਚ ਪੰਜਾਬੀ ਵਿਭਾਗ ਦੇ ਮੁੱਖੀ ਡਾ. ਮਨਜੀਤ ਕੌਰ ਨੇ ਪ੍ਰਬੰਧਕੀ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ।

ਮਿਤੀ 3 ਅਗਸਤ 2018 ਨੂੰ ਕਾਲਜ ਵਿੱਖੇ ਸਰੀਰਕ ਸਿੱਖਿਆ ਵਿਭਾਗ ਵੱਲੋਂ ਇੱਕ ਰੋਜਾ ਰਾਸ਼ਟਰੀ ਸੈਮੀਨਾਰ Recent Trends in Physical Education ਵਿਸ਼ੇ ਉੱਤੇ ਕਰਵਾਇਆ ਗਿਆ। ਮੁੱਖ ਮਹਿਮਾਨ ਵੱਜੋਂ ਸ. ਪਰਮਜੀਤ ਸਿੰਘ ਸਚਦੇਵਾ (ਐਮ.ਡੀ. ਸਚਦੇਵਾ ਸਟਾਕਸ) ਤੇ ਵਿਸ਼ੇਸ਼ ਮਹਿਮਾਨ ਵੱਜੋਂ ਸ਼੍ਰੀ ਪਿਆਰੇ ਲਾਲ ਸੈਣੀ (N.R.I. ਇੰਗਲੈਂਡ ਅਤੇ ਸਮਾਜ ਸੁਧਾਰਕ) ਤੇ ਸ. ਹਰਜਿੰਦਰ ਸਿੰਘ ਧਾਮੀ ਆਏ। ਸੈਮੀਨਾਰ ਦੀ ਪ੍ਰਧਾਨਗੀ ਡਾ. ਰਾਕੇਸ਼ ਸ਼ਰਮਾ (Deputy Director Sports, Panjab University, Chandigarh) ਨੇ ਕੀਤੀ। ਸੈਮੀਨਾਰ ਦੇ ਵਿਸ਼ੇ ਉੱਤੇ ਡਾ. ਨੀਰੂ ਮਲਿਕ (Fellow, Panjab University, Chd.), ਡਾ. ਮਨਦੀਪ ਕੌਰ (S.G.S.G. College Sec. 26, Chd. ), ਡਾ. ਬਲਜਿੰਦਰ ਸਿੰਘ (ਸਰੀਰਕ ਸਿੱਖਿਆ ਵਿਭਾਗ G.H.G. Khalsa College, Gurdaspur), ਸ਼੍ਰੀ ਸੁਨੀਲ ਰਿਆਤ (Govt. Degree College, Nagrota) ਨੇ ਰਿਸੋਰਸ ਪਰਸਨਜ਼ ਵੱਜੋਂ ਵਿਚਾਰ ਸਾਂਝੇ ਕੀਤੇ।

ਮਿਤੀ 21 ਸਤੰਬਰ 2019 ਨੂੰ ਕਾਲਜ ਵਿੱਖੇ ਪੰਜਾਬ ਵਿਭਾਗ ਵੱਲੋਂ ਇੱਕ ਰੋਜਾ ਰਾਸ਼ਟਰੀ ਸੈਮੀਨਾਰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 'ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ, ਦਰਸ਼ਨ ਅਤੇ ਬਾਣੀ' ਵਿਸ਼ੇ 'ਤੇ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵੱਜੋਂ ਡਾ. ਜਤਿੰਦਰ ਸਿੰਘ ਬੱਲ (ਵਾਈਸ ਚਾਂਸਲਰ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ), ਵਿਸ਼ੇਸ਼ ਮਹਿਮਾਨ ਵੱਜੋਂ ਪ੍ਰੋ. ਹਰਬੰਸ ਸਿੰਘ ਬੋਲੀਨਾ, ਕੀ-ਨੋਟ ਸਪੀਕਰ ਵੱਜੋਂ ਡਾ. ਇੰਦਰਜੀਤ ਸਿੰਘ ਵਾਸੂ, ਇਸ ਤੋਂ ਇਲਾਵਾ ਸ. ਹਰਜਿੰਦਰ ਸਿੰਘ ਧਾਮੀ ਤੇ ਹੋਰ ਸਮੂਹ ਸਟਾਫ ਮੈਂਬਰਜ਼ ਸ਼ਾਮਿਲ ਹੋਏ।

# ਕਾਲਜ ਸੈਮੀਨਾਰਜ਼

ਮਿਤੀ 28 ਜਨਵਰੀ 2018 ਨੂੰ ਕਾਲਜ ਵਿੱਖੇ 'ਬਰੇਨ ਇੰਟੈਲੀਜੈਂਸ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਮੁੱਖ ਬੁਲਾਰੇ ਵੱਜੋਂ ਡਾ. ਆਸ਼ੀਸ਼ (ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਨੇ ਸ਼ਿਰਕਤ ਕੀਤੀ।

ਮਿਤੀ 2 ਜੁਲਾਈ 2018 ਨੂੰ ਕਾਲਜ ਵਿੱਖੇ ਦੋ ਰੋਜਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਮੁਖ ਬੁਲਾਰੇ ਵੱਜੋਂ ਡਾ. ਮੀਨਾਕਸ਼ੀ ਸ਼ਰਮਾ (Ph.D. in Education NCR Delhi) ਨੇ ਸ਼ਿਰਕਤ ਕੀਤੀ।

ਮਿਤੀ 31 ਅਗਸਤ 2018 ਨੂੰ ਕਾਲਜ ਵਿੱਖੇ 'ਵਿਅਕਤੀਗਤ ਸ਼ਖਸੀਅਤ ਨਿਖਾਰ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵੱਜੋਂ ਸ. ਸਤਨਾਮ ਸਿੰਘ (ਸੱਲੋਪੁਰੀ) ਤੇ ਉਨ੍ਹਾਂ ਦੇ ਸਹਿਯੋਗੀ ਸਾਥੀ ਸ. ਸੰਦੀਪ ਸਿਘ ਆਏ।

ਮਿਤੀ 15 ਅਕਤੂਬਰ 2018 ਨੂੰ ਕਾਲਜ ਵਿੱਖੇ Teaching-Learning ਵਿਸ਼ੇ 'ਤੇ Extension ਲੈਕਚਰ ਕਰਵਾਇਆ ਗਿਆ। ਇਸ ਮੌਕੇ ਮੁੱਖ ਬੁਲਾਰੇ ਵੱਜੋਂ ਡਾ. ਐਸ.ਸੀ. ਸ਼ਰਮਾ (ਬਾਹਰਾ ਯੂਨੀਵਰਸਿਟੀ, ਸ਼ਿਸਲਾ) ਆਏ।

ਮਿਤੀ 22 ਨਵੰਬਰ 2018 ਨੂੰ ਕਾਲਜ ਵਿੱਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਮੌਕੇ ਤੇ ਅਧਿਆਤਮਕ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਮੁੱਖ ਬੁਲਾਰੇ ਸ. ਯਸ਼ਪਾਲ ਸਿੰਘ ਜੀ (ਦਿੱਲੀ) ਤੇ ਸ. ਸੰਦੀਪ ਸਿੰਘ ਜੀ ਆਏ।

ਮਿਤੀ 18 ਜਨਵਰੀ 2019 ਨੂੰ ਕਾਲਜ ਵਿੱਖੇ ਜਿਲ੍ਹਾ ਕਾਨੂਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ Protection of Women from Domestic Violence Act 2005 ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ।

ਮਿਤੀ 13 ਫਰਵਰੀ 2019 ਨੂੰ ਕਾਲਜ ਵਿੱਖੇ IBT Institute Hoshiarpur ਵੱਲੋਂ Career Guidance Seminar ਲਗਾਇਆ ਗਿਆ। ਇਸ ਮੌਕੇ ਮੁੱਖ ਬੁਲਾਰੇ ਵੱਜੋਂ ਮਿਸ ਕਰੀਨਾ, ਮਿਸ ਕ੍ਰਿਸ਼ਮਾ, ਮਿਸਟਰ ਸਾਹਿਲ ਜੀ ਆਏ।

